ੴ ਵਾਹਿਗੁਰੂ ਜੀ ਕੀ ਫਤਿਹ

ਮਾਸਿਕ ਪੱਤਰ

# ਸੂਰਾ

## Sura Monthly

January-2002

Amritsar



ਤਹੀ ਪ੍ਰਕਾਸ ਹਮਾਰਾ ਭਯੋ
ਪਟਨਾ ਸਹਿਰ ਬਿਖੈ ਭਵ ਲਯੋ ॥

www.AKJ.Org



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ

ਜਿਥੇ ਵੈਸਾਖੀ (੧੬੯੯) ਨੂੰ ਖਾਲਸਾ ਸਾਜਿਆ ਗਿਆ ਸੀ ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਮਾਸਿਕ ਪੱਤਰ


ਅਖੰਡ ਕੀਰਤਨੀ ਜੱਥੇ ਵੱਲੋਂ ਨਿਰੋਲ ਗੁਰਮਤਿ·ਮਾਸਿਕ ਪੱਤਰ

Read SURA at internet : www.surainternational.com

ਜਿਲਦ 36 ਜਨਵਰੀ, 2002 ਅੰਕ 1


## ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

| | |
|---|---|
| ਮੇਲਾ ਮਾਘੀ ਮੁਕਤਸਰ | 14 ਜਨਵਰੀ |
| ਪਾ: ੧੦ ਅਵਤਾਰ ਧਾਰਿਆ | 21 ਜਨਵਰੀ |
| ਜਨਮ ਬਾਬਾ ਦੀਪ ਸਿੰਘ ਜੀ | 28 ਜਨਵਰੀ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ (ਸਾਲਾਨਾ) | | 50 ਰੁਪਏ |
| ਅਮਾਨਤੀ ਲਾਈਫ਼ ਮੈਂਬਰ | | 500 ਰੁਪਏ |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 150 ਰੁ: | 500 ਰੁ: |
| ਅਮਾਨਤੀ ਲਾਈਫ਼ ਮੈਂਬਰ | 1500 ਰੁ: | 5000 ਰੁ: |

## ਚੰਦਾ ਭੇਜਣ ਦਾ ਪਤਾ


**ਸੂਰਾ ਮਾਸਿਕ ਪੱਤਰ**

ਹੈਡੱ ਕੁਆਰਟਰ :

**ਅਖੰਡ ਕੀਰਤਨੀ ਜੱਥਾ**

ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਬੀ-ਬਲਾਕ,
ਅੰਮ੍ਰਿਤਸਰ - 143 001 ਫੋਨ : 546320


## ਤਤਕਰਾ


| | ਪੰਨਾ |
|---|---|
| ਮਹੀਨਾ ਮਾਘ | 2 |
| ਬੇਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ | 3 |
| ਸ੍ਰੀ ਦਸ਼ਮੇਸ਼ ਪਿਤਾ ਦਾ ਪ੍ਰਥਮ ਪੂਰਨਾ | 6 |
| ਗੁਰਮਤਿ ਅਧਿਆਤਮ ਕਰਮ ਫਿਲਾਸਫੀ | 8 |
| ਰੰਗ ਰਤੜੇ ਬਾਉ ਮੱਲ ਸਿੰਘ ਜੀ | 12 |
| ਅਵਰੁਉਪਾਉਨਕੋਈਸੂਝੇ ਨਾਨਕਤਰੀਐਗੁਰਬਚਨੀ | 16 |
| ਰਾਤ ਜਦ ਦਿਨ ਨੂੰ ਮਿਲਦੀ ਹੈ ਤਾਂ ਰਹਿੰਦੀ ਹੀ ਨਹੀ | 21 |
| ਜੀਵਨ ਝਲਕੀਆਂ - ਡਾਕਟਰ ਸੁਰਿੰਦਰ ਸਿੰਘ ਜੀ | 25 |
| ਸੁਖਮਨੀ ਦਾ ਨੂਰ | 28 |
| ਚੋਣਾਂ ਵਿਚ ਨਸ਼ਿਆਂ ਦੀ ਵਰਤੋਂ ਕਿਵੇਂ ਰੋਕੀਏ ? | 32 |
| ਮੈਂ ਕੇਸਾਂ ਨੂੰ ਸਾਂਭ-ਸਾਂਭ ਰੱਖਾਂਗਾ | 34 |
| The Sikh Revivalism | 36 |
| ਖਾਲਸਾ ਪੰਥ ਦੀ ਸਾਜਨਾ | 37 |
| ਸਾਹਿਬੇ ਕਮਾਲ | 38 |



'ਸੂਰਾ' ਮਾਸਿਕ ਪੱਤਰ ਪੰਜਾਬ ਸਰਕਾਰ ਦੇ ਪੱਤਰ ਨੰਬਰ 370-68-4/ਅ ਪ ਮਿਤੀ 17-10-68 ਨਾਲ ਸਕੂਲ ਲਾਇਬ੍ਰੇਰੀਆਂ ਅਤੇ ਸਮਾਜਿਕ ਸਿੱਖਿਆ ਕੇਂਦਰਾਂ ਲਈ ਪ੍ਰਵਾਨ ਕੀਤਾ ਗਿਆ।



ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀ ਹੈ ।



ਸੰਪਾਦਕ, ਪ੍ਰਿੰਟਰ ਅਤੇ ਪਬਲਿਸ਼ਰ ਬਲਦੇਵ ਸਿੰਘ ਵਲੋਂ ਐਸਕਾਰਟ ਪ੍ਰੈਸ, ਗੰਗਾ ਬਿਲਡਿੰਗ, ਨੇੜੇ ਪੁਤਲੀਘਰ, ਅੰਮ੍ਰਿਤਸਰ ਤੋਂ ਛਪਵਾ ਕੇ ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਬੀ-ਬਲਾਕ, ਅੰਮ੍ਰਿਤਸਰ, ਹੈਡੱਕੁਆਰਟਰ ਅਖੰਡ ਕੀਰਤਨੀ ਜੱਥਾ ਤੋਂ ਜਾਰੀ ਕੀਤਾ।



www.AKJ.Org

# ਮਾਘ

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥
ਨਾਨਕ ਮਾਘਿ ਮਹਾ ਰਸ ਹਰਿ ਜਪਿ,
ਅਠਸਠਿ ਤੀਰਥ ਨਾਤਾ ॥੧੫॥

**ਪਦ ਅਰਥ** : ਮਾਘਿ - ਮਾਘ (ਮਹੀਨੇ) ਵਿਚ। ਪੁਨੀਤ-ਪਵਿੱਤਰ। ਤੀਰਥੁ-ਪਵਿੱਤਰ ਅਸਥਾਨ, (ਖ਼ਾਸ ਤੌਰ ਤੇ ਉਹ) ਜੋ ਕਿਸੇ ਨਦੀ ਆਦਿਕ ਦੇ ਨੇੜੇ ਹੋਵੇ। ਅੰਤਰਿ-ਹਿਰਦੇ ਵਿਚ। ਜਾਨਿਆ-ਪਛਾਣ ਲਿਆ, ਲੱਭ ਲਿਆ। ਸਹਜਿ-ਸਹਿਜ ਵਿਚ, ਅਡੋਲ ਅਵਸਥਾ ਵਿਚ। ਗਹਿ-ਗ੍ਰਹਿਣ ਕਰ ਕੇ। ਅੰਕੇ-ਅੰਕ ਵਿਚ, ਹਿਰਦੇ ਵਿਚ। ਸੁਣਿ-(ਤੇਰੇ ਗੁਣ) ਸੁਣ ਕੇ। ਬੰਕੇ-ਸੋਹਣੇ। ਸਰਿ-ਸਰੋਵਰ ਵਿਚ, ਤੀਰਥ ਉਤੇ। ਨਾਵਾ-ਨ੍ਹਾਵਾਂ, ਇਸ਼ਨਾਨ ਕਰ ਲੈਂਦਾ ਹਾਂ। ਤਹ-ਉਸ ਆਤਮਕ ਅਵਸਥਾ ਵਿਚ। ਬੇਣੀ ਸੰਗਮ-ਤ੍ਰਿਬੇਣੀ, ਗੰਗਾ ਜਮਨਾ ਸਰਸ੍ਵਤੀ ਤਿੰਨਾਂ ਪਵਿੱਤਰ ਨਦੀਆਂ ਦਾ ਮਿਲਾਪ-ਅਸਥਾਨ। ਜਪਿ-ਜਪ ਕੇ। ਜਾਤਾ - ਡੂੰਘੀ ਸਾਂਝ ਪਾ ਲਈ।

**ਅਰਥ** : ਮਾਘ (ਮਹੀਨੇ) ਵਿਚ (ਲੋਕ ਪ੍ਰਯਾਗ ਆਦਿਕ ਤੀਰਥ ਉਤੇ ਇਸ਼ਨਾਨ ਕਰਨ ਵਿਚ ਪਵਿੱਤਰਤਾ ਮੰਨਦੇ ਹਨ, ਪਰ) ਜਿਸ ਜੀਵ ਨੇ ਆਪਣੇ ਹਿਰਦੇ ਵਿਚ ਹੀ ਤੀਰਥ ਪਛਾਣ ਲਿਆ ਹੈ, ਉਸ ਦੀ ਜਿੰਦ ਪਵਿੱਤਰ ਹੋ ਜਾਂਦੀ ਹੈ। ਜੋ ਜੀਵ ਪਰਮਾਤਮਾ ਦੇ ਗੁਣ ਆਪਣੇ ਹਿਰਦੇ ਵਿਚ ਵਸਾ ਕੇ ਉਸ ਦੇ ਚਰਨਾਂ ਵਿਚ ਲੀਨ ਹੁੰਦਾ ਹੈ, ਉਹ ਅਡੋਲ ਅਵਸਥਾ ਵਿਚ ਟਿਕ ਜਾਂਦਾ ਹੈ, ਜਿਥੇ ਉਸ ਨੂੰ ਸੱਜਣ-ਪ੍ਰਭੂ ਮਿਲ ਪੈਂਦਾ ਹੈ।

ਹੇ ਸੋਹਣੇ ਪ੍ਰੀਤਮ-ਪ੍ਰਭੂ! ਜੇ ਤੇਰੇ ਗੁਣ ਮੈਂ ਆਪਣੇ ਹਿਰਦੇ ਵਿਚ ਵਸਾ ਕੇ, ਤੇਰੀ ਸਿਫਤਿ-ਸਾਲਾਹ ਸੁਣ ਕੇ ਤੈਨੂੰ ਚੰਗਾ ਲਗਣ ਲਗ ਪਵਾਂ, ਤਾਂ ਮੈਂ ਤੀਰਥ ਉਤੇ ਇਸ਼ਨਾਨ ਕਰ ਲਿਆ (ਸਮਝਦਾ ਹਾਂ)। ਤੇਰੇ ਚਰਨਾਂ ਵਿਚ ਲੀਨਤਾ ਵਾਲੀ ਅਵਸਥਾ ਹੀ ਗੰਗਾ ਜਮਨਾ ਸਰਸ੍ਵਤੀ ਤਿੰਨਾਂ ਨਦੀਆਂ ਦਾ ਮਿਲਾਪ-ਥਾਂ ਹੈ, ਤ੍ਰਿਬੇਣੀ ਹੈ, ਉਥੇ ਹੀ ਮੈਂ ਸੱਤੇ ਸਮੁੰਦਰ ਸਮਾਏ ਮੰਨਦਾ ਹਾਂ।

ਜਿਸ ਮਨੁੱਖ ਨੇ ਹਰੇਕ ਜੁਗ ਵਿਚ ਵਿਆਪਕ ਪਰਮੇਸ਼ਰ ਨਾਲ ਸਾਂਝ ਪਾ ਲਈ, ਉਸ ਨੇ (ਤੀਰਥ-ਇਸ਼ਨਾਨ ਆਦਿ) ਸਾਰੇ ਪੁੰਨ ਕਰਮ, ਦਾਨ ਤੇ ਪੂਜਾ ਕਰਮ ਕਰ ਲਏ।

ਹੇ ਨਾਨਕ! ਮਾਘ ਮਹੀਨੇ ਵਿਚ (ਤੀਰਥ-ਇਸ਼ਨਾਨ ਆਦਿਕ ਦੇ ਥਾਂ) ਜਿਸ ਨੇ ਪ੍ਰਭੂ ਦਾ ਨਾਮ ਸਿਮਰ ਕੇ ਪ੍ਰਭੂ ਨਾਮ ਦਾ ਮਹਾ ਰਸ ਪੀ ਲਿਆ, ਉਸ ਨੇ ਅਠਾਹਠ ਹੀ ਤੀਰਥਾਂ ਦਾ ਇਸ਼ਨਾਨ ਕਰ ਲਿਆ।੧੫॥

**ਭਾਵ** : ਮਾਘੀ ਵਾਲੇ ਦਿਨ ਲੋਕ ਪ੍ਰਯਾਗ ਆਦਿਕ ਤੀਰਥ ਉਤੇ ਇਸ਼ਨਾਨ ਕਰਨ ਵਿਚ ਪਵਿੱਤਰਤਾ ਮੰਨਦੇ ਹਨ। ਪਰ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਹਿਰਦੇ ਵਿਚ ਵਸਾਣੀ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।

(ਵਿਆਖਿਆ - ਪ੍ਰੋ: ਸਾਹਿਬ ਸਿੰਘ ਜੀ)



www.AKJ.Org

# ਬੇਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ

ਪ੍ਰਿੰ: ਜਗਜੀਤ ਸਿੰਘ

ਇਸ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਹਿੰਦੂਆਂ ਦੀ ਜਾਤ-ਵੰਡ ਭੁੱਲੇ-ਵਿੱਸਰੇ ਸਮਿਆਂ ਤੋਂ ਭਾਰਤ ਦੇ ਸਮਾਜਕ ਤਾਣੇ-ਪੇਟੇ ਵਿਚ ਉਣੀ-ਬੁਣੀ ਪਈ ਹੈ ਤੇ ਇਹ ਵੀ ਸੱਚ ਹੈ ਕਿ ਦਸਵੀਂ ਸਦੀ ਈਸਵੀ ਤੋਂ ਮੁਸਲਮਾਨ ਸ਼ਾਸਨ-ਕਾਲ ਦੇ ਅਰੰਭ ਤੋਂ ਹੀ ਭਾਰਤ ਵਿਚ ਜ਼ੋਰ-ਜਬਰ ਨਾਲ ਇਸਲਾਮ ਫੈਲਾਇਆ ਜਾਣ ਲੱਗਾ । ਇਸ ਨੇ ਦੇਸ਼ ਦੀ ਪਹਿਲੀ ਨਿੱਘਰੀ ਦਸ਼ਾ ਵਿਚ ਅੰਤਾਂ ਦਾ ਵਾਧਾ ਕੀਤਾ । ਜਾਤ-ਵੰਡ ਨੇ ਹਿੰਦੂਆਂ ਦੇ ਜਾਨ-ਮਾਲ ਤੇ ਆਬਰੂ ਮੁਗਲ ਜਰਵਾਣਿਆਂ ਦੇ ਅੱਗੇ ਢੇਰੀ ਕਰ ਦਿੱਤੇ । ਪਰਜਾ ਖਾਸ ਕਰ ਹਿੰਦੂਆਂ ਵਿਚ ਹਰ ਪਾਸੇ ਬੇਕਸੀ ਤੇ ਬੇਕਸ ਅਰਥਾਤ ਨਿਮਾਣੇ, ਨਿਤਾਣੇ, ਨਿਆਸਰੇ, ਥੁੜੇ-ਥਿੜੇ, ਦੁਖੀ ਤੇ ਕਾਇਰ ਸਨ ।

ਪਹਿਲੇ ਨੌਂ ਗੁਰੂ ਸਾਹਿਬਾਨ ਨੇ ਬੇਕਸਾਂ ਦੀ ਨਿੱਘਰੀ ਦਸ਼ਾ ਅਮਲੀ ਰੂਪ ਵਿਚ ਸੁਧਾਰਨ ਲਈ ਸਰਬੱਤ ਦੇ ਭਲੇ ਦੇ ਸੰਦਰਭ ਵਿਚ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਸਿਧਾਂਤ-ਆਦੇਸ਼ਾਂ ਤੇ ਸੰਗਤ-ਪੰਗਤ ਨੂੰ ਅਮਲੀ ਰੂਪ ਵਿਚ ਪਰਚਾਰਿਆ ਤੇ ਇਨ੍ਹਾਂ ਦੇ ਰਾਹ ਵਿਚ ਆਈਆਂ ਔਕੜਾਂ ਦੂਰ ਕਰਨ ਲਈ ਵਿਤੋਂ ਵੱਧ ਹੋ ਯਤਨਸ਼ੀਲ ਰਹੇ! ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਤੇ ਅਨੇਕਾਂ ਸਿੱਖਾਂ ਦੀਆਂ ਸ਼ਹੀਦੀਆਂ ਇਨ੍ਹਾਂ ਯਤਨਾਂ ਦਾ ਨਤੀਜਾ ਸੀ । ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪਿਤਾ ਜੀ ਦੇ ਦਿੱਤੇ ਆਦੇਸ਼ ਅਨੁਸਾਰ ਸਿੱਖਾਂ ਨੂੰ ਸੰਤ ਸਿਪਾਹੀ ਬਣਾਉਣਾ ਆਰੰਭ ਕੀਤਾ ਅਤੇ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੀ ਹਦਾਇਤ ਅਨੁਸਾਰ ਗੁਰੂ ਤੇਗ ਬਹਾਦਰ ਨੇ ਮੁਗਲ ਹਕੂਮਤ ਵਿਰੁੱਧ ਜੰਗਾਂ ਕੀਤੀਆਂ ਤੇ ਜਿੱਤੀਆਂ । ਸਿੱਖਾਂ ਨੇ ਆਪਣੇ ਗੁਰੂ ਸਾਹਿਬ ਦੀ ਪੈਰਵੀ ਵਿਚ ਫੌਜੀ ਸਿਖਲਾਈ ਵਿਚ ਨਿਪੁੰਨ ਹੋ ਹਕੂਮਤ ਨੂੰ ਚੰਗੇ ਕਰਾਰੇ ਹੱਥ ਦਿਖਾਏ ।

(ਗੁਰੂ) ਗੋਬਿੰਦ ਰਾਇ ਪਿੱਛੋਂ ਗੁਰੂ ਗੋਬਿੰਦ ਸਿੰਘ ਦੇ ਨਾਂਅ ਨਾਲ ਪ੍ਰਸਿੱਧ ਹੋਏ, ਦਾ ਜਨਮ ਪੋਹ ਸੁਦੀ ਸਤਵੀਂ ਸੰਮਤ ਬਿਕਰਮੀ ੧੭੨੩ (੨੨ ਦਸੰਬਰ ੧੬੬੬ ਈਸਵੀ) ਨੂੰ ਪਟਨਾ ਸਾਹਿਬ (ਮੌਜੂਦਾ ਬਿਹਾਰ ਪ੍ਰਦੇਸ਼ ਦੀ ਰਾਜਧਾਨੀ) ਵਿਚ ਹੋਇਆ । ਭੀਖਣ ਸ਼ਾਹ ਸੱਯਦ ਨੂੰ ਉਸ ਦਿਨ ਹੀ ਸਹਿਜ-ਗਿਆਨ ਦੁਆਰਾ ਆਪਣੀ ਰਿਹਾਇਸ਼ ਤੋਂ ਪੂਰਬ ਵੱਲ ਪ੍ਰਭੂ ਸਪੂਤ (ਮੈ ਅਪਨਾ ਸੁਤ ਤੋਹਿ ਨਿਵਾਜਾ-ਬਚਿਤ੍ਰ ਨਾਟਕ) (ਗੁਰੂ) ਗੋਬਿੰਦ ਰਾਇ ਦੇ ਪ੍ਰਕਾਸ਼ ਦਾ ਪਤਾ ਲੱਗ ਗਿਆ ਤੇ ਉਸ ਨੇ ਬਜਾਏ ਪੱਛਮ ਦੇ, ਪੂਰਬ ਵੱਲ ਰੁਖ ਕਰ ਕੇ ਨਿਮਾਜ਼ ਪੜ੍ਹੀ । ਪਿੱਛੋਂ ਅਜਮਾਇਸ਼ ਲਈ ਆਪ ਪਟਨੇ ਪੁੱਜੇ । ਗੁਰੂ ਜੀ ਨੇ ਅੱਗੇ ਦੁੱਧ ਤੇ ਪਾਣੀ ਦੀਆਂ ਭਰੀਆਂ ਦੋਵਾਂ ਕੁੱਜੀਆਂ ਉੱਤੇ ਆਪਣੇ ਹੱਥ ਰੱਖ ਦਿੱਤੇ । ਉਸ ਨੂੰ ਪੂਰਾ ਭਰੋਸਾ ਹੋਇਆ ਕਿ ਗੁਰ-ਸਪੂਤ ਹਿੰਦੂਆਂ ਤੇ ਮੁਸਲਮਾਨਾਂ ਨਾਲ ਸਾਵਾਂ ਸਲੂਕ ਕਰੇਗਾ ।

ਬਾਲ ਅਵਸਥਾ ਵਿਚ ਆਪ ਆਪਣੇ ਹਾਣੀਆਂ ਨਾਲ ਖੇਡਦੇ-ਖੇਡਦੇ ਰਾਜਾ ਫਤਹ ਚੰਦ ਮੈਣੀ ਦੀ ਬੇ-ਔਲਾਦ ਰਾਣੀ ਪਾਸ ਚਲੇ ਗਏ । ਬੇ-ਔਲਾਦ ਰਾਣੀ ਨੂੰ ਫੁਰਿਆ ਕਿ ਕਾਸ਼! ਗੁਰ-ਸਪੂਤ ਵਰਗਾ ਉਸ ਦਾ ਪੁੱਤਰ ਹੁੰਦਾ ! ਆਪ ਦਿਲਾਂ ਦੀਆਂ ਜਾਣਨ ਵਾਲੇ ਰਾਣੀ ਦੀ ਗੋਦ ਵਿਚ ਜਾ ਬੈਠੇ ਤੇ 'ਮਾਂ' ਕਹਿ ਕੇ ਬੁਲਾਇਆ ਤੇ ਉਸ ਦੀ ਹੀਣ-ਭਾਵਨਾ ਨੂੰ ਖਤਮ ਕੀਤਾ ।

ਬਾਲ ਵਰੇਸ ਵਿਚ ਖੇਡਦਿਆਂ-ਖੇਡਦਿਆਂ ਆਪ ਦਾ ਇਕ ਸੋਨੇ ਦਾ ਕੰਗਣ ਗੰਗਾਂ ਨਦੀ (ਪਟਨਾ ਸਾਹਿਬ) ਵਿਚ ਡਿੱਗ ਪਿਆ । ਆਪ ਦੇ ਮਾਮਾ ਕਿਰਪਾਲ ਚੰਦ ਦੇ ਪੁਛੱਣ 'ਤੇ ਦੂਜਾ ਕੰਗਣ ਵੀ ਉਤਾਰ ਕੇ ਨਦੀ ਵਿਚ ਸੁੱਟ ਦਿੱਤਾ, ਉਥੇ ਜਿਥੇ ਪਹਿਲਾਂ ਗਵਾਚਿਆ ਸੀ । ਮਾਮਾ ਜੀ ਦੀ ਪ੍ਰੇਸ਼ਾਨੀ ਦੇਖ ਕੇ ਸਹਿਜ-ਸੁਭਾਅ ਬੋਲੇ ''ਜਾਣ ਵਾਲੀ ਚੀਜ਼ ਨੇ ਆਖਿਰ ਜਾਣਾ ਹੀ ਸੀ! ਹਿਰਖ ਕਾਹਦਾ?'' ਇਹ ਨੁਕਸਾਨ ਭਵਿੱਖ ਵਿਚ ਹੋਣ ਵਾਲੇ ਜਾਨੀ-ਮਾਲੀ ਨੁਕਸਾਨ ਦੇ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਤੇ ਚੜ੍ਹਦੀ ਕਲਾ ਵਿਚ ਰਹਿਣ ਵਾਸਤੇ ਭੂਮਿਕਾ ਹੋ ਨਿਬੜਿਆ ।

ਗੁਰ-ਸਪੂਤ ਦੀ ਬਾਲ-ਲੀਲ੍ਹਾ ਵਿਲੱਖਣ ਸੀ । ਗੰਗਾ ਨਦੀ ਜਾਂ ਖੂਹ ਤੋਂ ਪਾਣੀ ਭਰ ਕੇ ਵਾਪਸ ਜਾਂਦੀਆਂ ਤਰੀਮਤਾਂ ਦੇ ਘੜੇ ਗੁਲੇਲਿਆਂ ਜਾਂ ਤੀਰਾਂ ਨਾਲ ਤੋੜ ਦੇਂਦੇ । ਮਾਤਾ ਜੀ ਨੂੰ ਉਲਾਂਭੇ ਝੱਲਣੇ ਪੈਂਦੇ । ਕਈ ਵਾਰ ਉਨ੍ਹਾਂ ਨੂੰ ਨਵੇਂ ਲੈ ਕੇ ਦੇਣੇ ਪੈਂਦੇ । ਫੇਰ ਦੋ ਟੋਲੀਆਂ ਬਣਾ ਯੁੱਧ ਖੇਡਦੇ । ਫੇਰ ਲੰਘਦਿਆਂ ਸਰਕਾਰੀ ਅਫਸਰਾਂ ਤੇ ਸਿਪਾਹੀਆਂ ਨੂੰ ਠੱਠਾ ਵੀ ਕਰਦੇ । ਪਟਨੇ ਦਾ ਪੰਡਤ ਸ਼ਿਵਦੱਤ ਖੁਲ੍ਹੇਆਮ ਵਰਣਨ ਕਰਦਾ ਕਿ ਆਪ ਰਾਮ ਅਵਤਾਰ ਹਨ ਤੇ ਰਾਵਣ ਜਹੇ ਦੁਸ਼ਟਾਂ ਦਾ ਨਾਸ਼ ਕਰਨ ਆਏ ਹਨ । ਜਦ ਕਦੇ ਆਪ ਦੇ ਦਰਸ਼ਨ ਕਰਦਾ ਤਾਂ ਸਤਿਕਾਰ ਸਹਿਤ ਸਿਰ ਝੁਕਾ ਦੇਂਦਾ ।

ਜਦ ਬੇਕਸ ਪੰਡਤਾਂ ਦੇ ਕਸ਼ਮੀਰ ਤੋਂ ਆਏ ਵਫਦ ਦੀ ਫਰਿਆਦ ਦੇ ਉਤਰ ਵਿਚ ਗੁਰੂ ਤੇਗ ਬਹਾਦਰ ਜੀ ਨੇ ਕਿਸੇ ਮਹਾਂ ਪੁਰਸ਼ ਵੱਲੋਂ ਕੁਰਬਾਨੀ ਦੇਣ ਦੀ ਲੋੜ ਦਾ ਉਨ੍ਹਾਂ ਨੂੰ ਅਹਿਸਾਸ ਕਰਾਇਆ, ਤਾਂ ਬੇਕਸਾਂ ਦੀ ਹਮਦਰਦੀ ਦੀ ਰੀਝ ਵਿਚ ਗੁਰ-ਸਪੂਤ ਨੇ ਨਿੱਝਕ ਹੋ ਗੁਰੂ-ਪਿਤਾ



www.AKJ.Org

ਦੇ ਅਲੌਕਿਕ ਮਹਾਂਪੁਰਸ਼ ਹੋਣ ਦੀ ਸੱਚਾਈ ਪੇਸ਼ ਕੀਤੀ ਤਾਂ ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ, ਨੇ ਉਨ੍ਹਾਂ ਕਸ਼ਮੀਰੀ ਪੰਡਤਾਂ ਰਾਹੀਂ ਔਰੰਗਜ਼ੇਬ ਨੂੰ ਵੰਗਾਰ ਭੇਜੀ ਕਿ ਜੇ ਗੁਰੂ ਜੀ ਨੂੰ ਮੁਸਲਮਾਨ ਬਣਾ ਲਓ ਤਾਂ ਉਹ ਸਾਰੇ ਮੁਸਲਮਾਨ ਹੋ ਜਾਣਗੇ। ਇਹ ਵੰਗਾਰ ਆਖੀਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਕਾਰਨ ਬਣੀ। ਔਰੰਗਜ਼ੇਬ ਦੇ ਹੁਕਮ ਨਾਲ ਜਲਾਦ ਨੇ ਗੁਰੂ ਜੀ ਦਾ ਪਵਿੱਤਰ ਸੀਸ ਤਲਵਾਰ ਦੇ ਇਕੋ ਵਾਰ ਨਾਲ ਪਾਵਨ ਸਰੀਰ ਤੋਂ ਅਲੱਗ ਕਰ ਦਿੱਤਾ :

ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥

ਨੌਵੇਂ ਸਤਿਗੁਰੂ ਦੀ ਸ਼ਹਾਦਤ ਸਖਤ ਪਹਿਰਿਆਂ ਵਿਚ ਹੋਈ ਤਾਂ ਜੁ ਪਾਵਨ ਸਰੀਰ ਕੋਈ ਲੈ ਨਾ ਜਾਵੇ। ਪਰ ਸਖਤ ਹਨ੍ਹੇਰੀ ਕਾਰਨ ਪਾਵਨ ਧੜ ਲੱਖੀ ਸ਼ਾਹ ਬੜੀ ਹੁਸ਼ਿਆਰੀ ਨਾਲ ਗੱਡੇ 'ਤੇ ਪਾ ਕੇ ਘਰ ਲੈ ਗਿਆ ਅਤੇ 'ਘਰ ਨੂੰ ਅੱਗ ਲੱਗ ਗਈ' ਦਾ ਪੱਜ ਪਾ, ਘਰ ਨੂੰ ਅੱਗ ਲਾ ਕੇ ਪਾਵਨ ਧੜ ਦਾ ਸਸਕਾਰ ਕਰ ਦਿੱਤਾ। ਇਕ ਹੋਰ ਸ਼ਰਧਾਲੂ ਭਾਈ ਜੈਤਾ ਵੀ ਉਸੇ ਹੀ ਸਮੇਂ ਮੌਕਾ ਪਾ ਕੇ ਸਤਿਗੁਰੂ ਦਾ ਪਵਿੱਤਰ ਸੀਸ ਅਦਬ ਨਾਲ ਸਵੱਛ ਕਪੜੇ ਵਿਚ ਸੰਭਾਲ ਸਖਤ ਪਹਿਰਿਆਂ ਦੇ ਹੁੰਦਿਆਂ ਆਮ ਚਾਲੂ ਰਸਤੇ ਤੋਂ ਲਾਂਭੇ ਰਹਿ ਬਿਖੜੇ ਰਾਹਾਂ ਦੀਆਂ ਔਕੜਾਂ ਝਲਦਾ ਅਨੰਦਪੁਰ ਪੁੱਜਾ ਤੇ ਸੁਚੇਤ ਗੁਰੂ ਸਪੂਤ ਗੋਬਿੰਦ ਰਾਏ ਤੇ ਹਸਤ-ਕੰਵਲਾਂ ਤੇ ਗੁਰੂ ਪਿਤਾ ਦਾ ਸੀਸ ਟਿਕਾ ਦਿੱਤਾ। ਪਾਵਨ ਸੀਸ ਪਵਿੱਤਰ ਸਥਾਨ ਤੇ ਸੁਸ਼ੋਭਤ ਕਰ, ਅਡੋਲ ਚਿੱਤ ਰਹਿੰਦਿਆਂ, ਆਪ ਨੇ ਸਭ ਤੋਂ ਪਹਿਲਾਂ ਭਾਈ ਜੈਤਾ ਜੀ ਨੂੰ ਬਾਲ ਬਾਹਾਂ ਦੀ ਪਿਆਰ-ਸਤਿਕਾਰ ਭਰੀ ਘੁਟਣ ਵਿਚ ਲੈ ਸੀਨੇ ਨਾਲ ਲਗਾਇਆ ਤੇ ਮੁਖਾਰ-ਬਿੰਦ ਤੋਂ ਪਿਆਰ-ਸਤਿਕਾਰ ਭਰੇ ਧੰਨਤਾ ਲਖਾਇਕ ਸ਼ਬਦ ''ਰੰਘਰੇਟਾ ਗੁਰੂ ਦਾ ਬੇਟਾ'' ਉਚਾਰੇ।

ਨੌਵੇਂ ਸਾਲ ਦੀ ਉਮਰੇ ਹੀ ਗੁਰਗੱਦੀ 'ਤੇ ਬੈਠਦਿਆਂ ਸਾਰ ਦਸ਼ਮੇਸ਼ ਜੀ ਨੇ ਪਿਛਲੇ ਲਗਭਗ ਦੋ ਸੋ ਸਾਲ ਦੇ ਸਮੇਂ ਅੰਦਰ ਨੌ ਗੁਰੂ ਸਾਹਿਬਾਨ ਦੀਆਂ ਧਰਮ ਸੰਬੰਧੀ ਕੀਤੀਆਂ ਘਾਲਨਾਵਾਂ ਦਾ ਘੋਖਵਾਂ ਅਧਿਐਨ ਕੀਤਾ। ਆਪ ਨੇ ਦੇਖਿਆ ਕਿ ਗੁਰੂ ਪਿਤਾ ਦੀ ਅਦੁੱਤੀ ਸ਼ਹਾਦਤ ਤੋਂ ਸ਼ਰਧਾਲੂਆਂ ਵਿਚ ਜੋਸ਼ ਤੇ ਰੋਹ ਦਾ ਸੰਚਾਰ ਹੋ ਰਿਹਾ ਹੈ :

ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਕੀ ਹਯਾਤ ਹੈ।
ਹਯਾਤ ਤੋ ਹਯਾਤ ਹੈ ਵਾਂ ਮੌਤ ਭੀ ਹਯਾਤ ਹੈ।

ਬਾਦਸ਼ਾਹ-ਦਰਵੇਸ਼ ਸਤਿਗੁਰ ਦਾ ਸ਼ਾਹੀ ਠਾਠ-ਬਾਠ, ਕਲਗੀ ਸਜਾਉਣੀ, ਤਖ਼ਤ 'ਤੇ ਸੁਸ਼ੋਭਤ ਹੋਣਾ, ਤਨਖਾਹਦਾਰ ਫੌਜ ਰੱਖਣੀ, ਇਰਾਨੀ ਤੇ ਇਰਾਕੀ ਘੋੜਿਆਂ 'ਤੇ ਸਵਾਰੀ ਕਰਨੀ ਤੇ ਕਰਾਉਣੀ, ਸਿੱਖ ਫੌਜ ਦੇ ਕੂਚ ਤੇ ਵਾਪਸੀ ਤੋਂ ਇਲਾਵਾ ਲੰਗਰ ਚਾਲੂ ਹੋਣ ਦੇ ਮੌਕਿਆਂ 'ਤੇ ਰਣਜੀਤ ਨਗਾਰੇ ਦਾ ਵੱਜਣਾ, ਗੁਰਦੁਆਰੇ ਤੇ ਫੌਜੀ ਡੇਰਿਆਂ 'ਤੇ ਨਿਸ਼ਾਨ ਸਾਹਿਬ ਝੁਲਾਉਣੇ ਆਦਿ - ਸ਼ਹਿਨਸ਼ਾਹ ਔਰੰਗਜ਼ੇਬ ਲਈ ਖਿਝ ਦਾ ਕਾਰਨ ਬਣੇ ਕਿਉਂਕਿ ਇਹ ਉਸ ਦੀ ਬਰਾਬਰੀ ਕਰਨ ਤੁਲ ਸਨ ਕਿਉਂਕਿ ਅਜੇਹਾ ਕਰਨਾ ਸਿਵਾਏ ਸ਼ਹਿਨਸ਼ਾਹ ਦੇ ਕਿਸੇ ਹੋਰ ਲਈ ਵਿਵਰਜਤ ਸੀ। ਗੈਰ-ਮੁਸਲਮਾਨਾਂ ਤੋਂ ਯਾਤਰਾ ਕਰ (ਟੈਕਸ) ਲਿਆ ਜਾਂਦਾ ਸੀ। ਪਰ ਇਸ ਦੇ ਬਾਵਜੂਦ ਸ਼ਹਿਨਸ਼ਾਹ ਦੇ ਸ਼ਹਿਨਸ਼ਾਹ ਦਸ਼ਮੇਸ਼ ਜੀ ਪੰਜ ਸੌ ਸਿੰਘਾਂ ਸਮੇਤ ਇਰਾਨੀ, ਇਰਾਕੀ ਘੋੜਿਆਂ 'ਤੇ ਸਵਾਰ ਹੋ ਧੌਂਸੇ, ਝੰਡੇ ਨਾਲ ਲੈਸ ਹੋ ਕੇ ਕੀਰਤਪੁਰ, ਰੋਪੜ, ਨਾਹਨ ਪੁੱਜੇ। ਇਹ ਸਭ ਗੱਲਾਂ ਨੇ ਸਿੱਖਾਂ ਨੂੰ ਖੜ੍ਹੇ ਹੋਣ ਤੇ ਜ਼ਾਲਮ ਸਰਕਾਰ ਵਿਰੁੱਧ ਡਟ ਕੇ ਉਸ ਨਾਲ ਸਿੱਝਣ ਜੋਗੇ ਕਰ ਦਿੱਤਾ। ਹਾਲਾਂਕਿ ਵੈਰੀ ਗਿਣਤੀ ਤੇ ਜੰਗੀ ਸਮਾਨ ਦੀ ਮਾਤਰਾ, ਗੁਰੂ ਜੀ ਦੇ ਸਿੱਖਾਂ ਅਤੇ ਜੰਗੀ-ਸਾਮਾਨ ਨਾਲੋਂ ਕਿਤੇ ਜ਼ਿਆਦਾ ਸੀ। ਬੇਸ਼ਕ ਕਲਗੀਧਰ ਪਿਤਾ ਦੀ ਹੇਠ ਲਿਖੀ ਪ੍ਰਤਿਗਿਆ ਸੌ ਪ੍ਰਤੀਸ਼ਤ ਪੂਰੀ ਹੋਈ :

ਸਵਾ ਲਾਖ ਸੇ ਏਕ ਲੜਾਊਂ।
ਚਿੜੀਓਂ ਸੇ ਮੈਂ ਬਾਜ਼ ਤੁੜਵਾਊਂ।
ਤਬੇ ਗੋਬਿੰਦ ਸਿੰਘ ਨਾਮ ਕਹਾਊਂ।

ਜੰਗਾਂ ਵਿਚ ਹਾਰਨ ਪਿੱਛੋਂ ਪਹਾੜੀ ਹਿੰਦੂ ਰਾਜਿਆਂ ਤੇ ਮੁਗਲ ਵੈਰੀਆਂ ਨੇ ਅਨੰਦਪੁਰ ਸਾਹਿਬ ਦਾ ਬਹੁਤ ਲੰਮੇ ਅਰਸੇ ਤਕ ਘੇਰਾ ਛੱਤਿਆ ਪਰ ਸਿੰਘ ਫਿਰ ਭੀ ਚੜ੍ਹਦੀ ਕਲਾ ਵਿਚ ਡਟੇ ਰਹੇ ਭਾਵੇਂ ਕਿ ਅਸਹਿ ਤੇ ਅਕਹਿ ਕਸ਼ਟ ਵੈਰੀਆਂ ਦੇ ਲਗਾਤਾਰ ਘੇਰੇ ਕਰਕੇ ਹੰਢਾਉਣੇ ਪਏ। ਆਖਿਰ ਔਰੰਗਜ਼ੇਬ ਦੇ ਲਿਖਤੀ ਭਰੋਸੇ ਉੱਤੇ ਅੱਧੀ ਰਾਤ ਪਿੱਛੋਂ ੧੭੦੪ ਈ: ਨੂੰ ਅਨੰਦਪੁਰ ਛੱਡਿਆ। ਪਰ ਮੁਗਲ ਤੇ ਪਹਾੜੀ ਫੌਜ ਦੇ ਟਿੱਡੀ ਦਲ ਤੇ ਕੁਦਰਤ ਦੀਆਂ ਆਫਤਾਂ ਹਨ੍ਹੇਰੀ ਰਾਤ, ਮੀਂਹ ਝੱਖੜ, ਅੰਤਾਂ ਦੀ ਠੰਡ ਤੇ ਰਾਹ ਵਿਚ ਪੈਂਦੀ ਸ਼ੂਕਦੀ ਸਰਸਾ ਨਦੀ ਨੇ ਜਾਨੀ, ਮਾਲੀ ਤਬਾਹੀ ਕਰਨ ਵਿਚ ਕੋਈ ਕਸਰ ਨ ਛੱਡੀ। ਮਣਾਂ-ਮੂੰਹੀਂ ਸਾਹਿਤ ਨਸ਼ਟ ਹੋ ਗਿਆ। ਦੋਵੇਂ ਵੱਡੇ ਸਾਹਿਬਜ਼ਾਦੇ ਗੁਰੂ ਜੀ ਤੇ ਕੁਝ ਭੁੱਖੇ ਸਿੰਘ ਹੌਸਲਾ ਰਖ, ਲੜਦੇ ਹੋਏ ਚਮਕੌਰ ਦੀ ਗੜ੍ਹੀ ਪੁੱਜੇ। ਉਥੇ ਸਿੰਘਾਂ ਨੇ ਜੁਗਤ ਨਾਲ ਦਸ ਹਜ਼ਾਰ ਫੌਜ ਦਾ ਸਾਹਮਣਾ ਕਰਦਿਆਂ ਜੂਝਦਿਆਂ ਹੋਇਆਂ


www.AKJ.Org

ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਪੰਥ ਦਾ ਹੁਕਮ ਮੰਨ ਆਪਣੇ ਮੁਹਾਂਦਰੇ ਦੇ ਭਾਈ ਸੰਗਤ ਸਿੰਘ ਨੂੰ ਆਪਣਾ ਪੂਰਾ ਵੇਸ ਦੇ ਔਕੜਾਂ ਝਲਦੇ ਮਾਛੀਵਾੜੇ ਦੇ ਜੰਗਲ ਵਿਚ ਪਹੁੰਚੇ। ਨਵੇਂ ਸਿਰਿਓਂ ਫੌਜ ਇਕੱਠੀ ਕਰਕੇ ਖਿਦਰਾਣੇ ਦੀ ਢਾਬ 'ਤੇ ਟਿਕਾਣਾ ਕਰਕੇ ਪਿੱਛੇ ਲੱਗੀ ਵੈਰੀ ਦੀ ਫੌਜ ਨੂੰ ਤਕੜੀ ਭਾਂਜ ਦਿੱਤੀ। ਸ਼ਹੀਦ ਸਿੰਘਾਂ ਨੂੰ ਪਵਿੱਤਰ ਗੋਦ ਵਿਚ ਲੈ ਜਿੱਤਾਂ ਤੇ ਕੁਰਬਾਨੀਆਂ ਕਰਕੇ ਫੈਜ਼ੁਲਗੰਜੂਰ (ਬਖਸ਼ਿਸ਼ਾਂ ਦੇ ਖਜ਼ਾਨੇ) ਬਖਸ਼ਿਸ਼ ਕੀਤੇ।

ਸਰਸਾ ਨਦੀ ਪਾਰ ਕਰਦਿਆਂ ਛੋਟੇ ਸਾਹਿਬਜਾਦੇ ਜੋਰਾਵਰ ਸਿੰਘ ਤੇ ਫਤਹ ਸਿੰਘ ਤੇ ਮਾਤਾ ਗੁਜਰੀ ਜੀ ਵਿਛੜ ਗੰਗੂ ਬ੍ਰਾਹਮਣ ਨਾਲ ਉਸ ਦੇ ਪਿੰਡ ਖੇੜੀ ਚਲੇ ਗਏ। ਪਰ ਉਸਨੇ ਲਾਲਚ ਵੱਸ ਹੋ ਸੂਬਾ ਸਰਹੰਦ ਪਾਸ ਉਨ੍ਹਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਦੋਵੇਂ ਸਾਹਿਬਜ਼ਾਦੇ ਉਥੇ ਉਸੇ ਦੇ ਹੁਕਮ ਨਾਲ ਸ਼ਹੀਦ ਕਰ ਦਿੱਤੇ ਗਏ, ਨਬੀ ਖਾਂ ਤੇ ਗ਼ਨੀ ਖਾਂ ਗੁਰੂ ਜੀ ਨੂੰ ਉੱਚ ਦੇ ਪੀਰ ਦੇ ਰੂਪ ਵਿਚ ਜੰਗਲ ਤੋਂ ਪਾਰ ਹੋਏ।

## ਕੁਝ ਕੁ ਸੁਘੜ ਸੱਜਣਾਂ ਦੇ ਬੇਲਾਗ ਵਿਚਾਰ

**ਗ਼ਫ (Gough)**

ਗੁਰੂ ਗੋਬਿੰਦ ਸਿੰਘ ਸੰਸਾਰ ਦੇ ਇਕ ਸਿਆਣੇ, ਚੜ੍ਹਦੀ ਕਲਾ ਵਿਚ ਵਿਚਰਨ ਵਾਲੇ, ਪਵਿੱਤਰ ਜਜ਼ਬਿਆਂ ਨਾਲ ਭਰਪੂਰ, ਧਾਰਮਿਕ ਰੰਗਣ ਵਿਚ ਰੰਗੇ ਹੋਏ ਮਹਾਨ ਆਗੂ ਸਨ। ਅੰਮ੍ਰਿਤ ਦੁਆਰਾ ਕੌਮ ਦੀ ਨਵੇਂ ਸਿਰਿਓਂ ਉਸਾਰੀ ਕੀਤੀ।

**ਗਾਰਡਨ (Garden)**

ਜਨਤਾ ਦੀਆਂ ਮੁਰਦਾਂ ਹੱਡੀਆਂ ਵਿਚ ਜੀਵਨ ਦੀ ਨਵੀਂ ਲਹਿਰ ਗੁਰੂ ਗੋਬਿੰਘ ਸਿੰਘ ਜੀ ਦੇ ਉਪਦੇਸ਼ਾਂ ਨੇ ਪਾਈ। ਗੁਰੂ ਗੋਬਿੰਦ ਸਿੰਘ ਵਿਚ ਧਾਰਮਿਕ ਆਗੂ, ਬਾਦਸ਼ਾਹ, ਬਲਵਾਨ ਯੋਧੇ ਤੇ ਉੱਚੈ ਨੀਤੀਵਾਨ ਵਾਲੇ ਸਾਰੇ ਗੁਣ ਮੌਜੂਦ ਸਨ।

**ਮੁਹੰਮਦ ਲਤੀਫ**

ਗੁਰੂ ਗੋਬਿੰਦ ਸਿੰਘ ਦੀ ਬਰਕਤ ਤੇ ਵਡਿਆਈ ਹੈ ਕਿ ਨਿਰਜਿੰਦ ਤੇ ਲਿਤਾੜੇ ਹੋਏ ਲੋਕ ਜਥੇਬੰਦ ਹੋ ਗਏ। ਉਹਨਾਂ ਕਰਕੇ ਹੀ ਲਤਾੜੇ ਹੋਏ ਲੋਕਾਂ ਨੇ ਰਾਜਨੀਤਕ ਪ੍ਰਭਤਾ ਤੇ ਆਜ਼ਾਦੀ ਪ੍ਰਾਪਤ ਕੀਤੀ।

**ਮੈਕਾਲਿਫ (Macauliffe)**

ਗੁਰੂ ਗੋਬਿੰਦ ਸਿੰਘ ਪਹਿਲੇ ਨੇਤਾ ਹੋਏ ਹਨ ਜਿਨ੍ਹਾਂ ਲੋਕ ਰਾਜ ਨੂੰ ਰਾਜਸੀ ਤੇ ਧਾਰਮਿਕ ਖੇਤਰ ਵਿਚ ਅਮਲੀ ਸ਼ਕਲ ਦੇ ਕੇ ਅਪਣਾਇਆ। ਇਸ ਤਰ੍ਹਾਂ ਗੁਰੂ ਜੀ ਨੇ ਧਰਮ ਨੂੰ ਪੰਚਾਇਤੀ ਅਸੂਲਾਂ ਦੇ ਅਧੀਨ ਕਰਕੇ ਹਰ ਵਿਅਕਤੀ ਨੂੰ ਆਪਣਾ ਸਵੈਮਾਨ ਪੂਰੀ ਤਰ੍ਹਾਂ ਮਾਨਣ ਤੇ ਪ੍ਰਫੁਲਤ ਕਰਨ ਦਾ ਅਵਸਰ ਦਿੱਤਾ। ਗੁਰੂ ਨਾਨਕ ਵਾਂਗ ਗੁਰੂ ਗੋਬਿੰਦ ਸਿੰਘ ਨੇ ਪਵਿੱਤਰ ਜੀਵਨ 'ਤੇ ਸਭ ਤੋਂ ਵੱਧ ਜ਼ੋਰ ਦਿੱਤਾ ਪਰ ਬਹਾਦਰੀ ਦੇ ਕਾਰਨਾਮਿਆਂ ਤੇ ਕੌਮ ਉਸਾਰੀ ਨੂੰ ਭੀ ਨਾਲ ਹੀ ਥਾਂ ਦਿੱਤੀ।

**ਦੌਲਤ ਰਾਏ**

ਇਕੋ ਹੀ ਵਿਅਕਤੀ ਵਿਚ ਸਾਰੇ ਗੁਣ ਮਿਲਣੇ ਬਹੁਤ ਕਠਨ ਹੁੰਦੇ ਹਨ। ਪਰ ਗੁਰੂ ਗੋਬਿੰਦ ਸਿੰਘ ਹਰ ਪਾਸਿਓਂ ਮੁਕੰਮਲ ਸ਼ਖ਼ਸ਼ੀਅਤ ਸਨ। ਉਹ ਮਹਾਂ ਕਵੀ, ਧਾਰਮਿਕ ਨੇਤਾ, ਚੋਟੀ ਦੇ ਸੁਧਾਰਕ, ਮੰਨੇ-ਪਰਮੰਨੇ, ਵਿਦਵਾਨ, ਬਲਵਾਨ ਯੋਧੇ ਤੇ ਜਰਨੈਲ ਸਨ। ਉਹ ਦੂਰ-ਅੰਦੇਸ਼ ਦੇਸ਼-ਭਗਤ ਸਨ। ਉਨ੍ਹਾਂ ਨੇ ਧਰਮ ਦੀ ਅਣਥੱਕ ਸੇਵਾ ਕੀਤੀ। ਸ੍ਰੀ ਕ੍ਰਿਸ਼ਨ ਜੀ 'ਤੇ ਸ੍ਰੀ ਰਾਮ ਚੰਦਰ ਜੀ ਆਪਣੀ ਥਾਂ 'ਤੇ ਵੱਡੀਆਂ ਹਸਤੀਆਂ ਹੋਈਆਂ ਹਨ ਗੁਰੂ ਗੋਬਿੰਦ ਸਿੰਘ ਉਨ੍ਹਾਂ ਤੋਂ ਬਹੁਤ ਉੱਚਾ ਦਰਜਾ ਰੱਖਦੇ ਸਨ। ਕ੍ਰਿਸ਼ਨ ਜੀ ਰਣਭੂਮੀ ਵਿਚ ਰਾਜਿਆਂ ਤੇ ਸ਼ਾਹਜ਼ਾਦਿਆਂ ਦੇ ਦਿਲਾਂ ਵਿਚ ਕਮਜ਼ੋਰੀ ਕੱਢਣ ਦਾ ਯਤਨ ਕਰਦੇ ਸਨ। ਪਰ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਲੋਕਾਂ ਨੂੰ ਉੱਚਾ ਚੁਕਿਆ ਜੋ ਕਿ ਮਿੱਟੀ ਵਿਚ ਰੁਲਦੇ ਪਏ ਸਨ, ਜਿਨ੍ਹਾਂ ਨੂੰ ਇਹ ਚਿੱਤ-ਚੇਤੇ ਵੀ ਨਹੀਂ ਸੀ ਕਿ ਉਹ ਕਦੀ ਜੰਗ ਦੇ ਮੈਦਾਨ ਵਿਚ ਜਾ ਕੇ ਬਹਾਦਰੀ ਦੇ ਕਾਰਨਾਮੇ ਕਰ ਦਿਖਾਉਣਗੇ। ਗੁਰੂ ਗੋਬਿੰਦ ਸਿੰਘ ਇਕ ਮਹਾਨ ਯੋਧੇ ਤੇ ਸੱਚੇ ਕੌਮਪ੍ਰਸਤ ਸਨ।

**ਗੋਕਲ ਚੰਦ ਨਾਰੰਗ**

ਗੁਰੂ ਗੋਬਿੰਦ ਸਿੰਘ ਦੇ ਅਸਰ ਹੇਠਾਂ ਅਜਿਹੇ ਮਨੁੱਖ ਭੀ ਰਣਭੂਮੀ ਦੇ ਸੂਰਮੇ ਬਣ ਗਏ ਜਿਨ੍ਹਾਂ ਨੇ ਤਲਵਾਰ ਨੂੰ ਕਦੇ ਹੱਥ ਨਹੀਂ ਸੀ ਲਾਇਆ ਜਾਂ ਮੋਢੇ ਉੱਤੇ ਬੰਦੂਕ ਰੱਖ ਕੇ ਨਹੀਂ ਸੀ ਦੇਖੀ।

**ਇੰਦੂ ਭੂਸ਼ਨ ਬੈਨਰਜੀ**

ਗੁਰੂ ਗੋਬਿੰਦ ਸਿੰਘ ਨੇ ਨਵੇਂ ਢੰਗ ਦੇ ਲੋਕਾਂ ਨੂੰ ਜਨਮ ਦਿੱਤਾ ਅਤੇ ਹਿੰਦੁਸਤਾਨ ਵਿਚ ਇਕ ਨਵੀਂ ਤੇ ਭਾਰੀ ਤਾਕਤ ਪੈਦਾ ਕੀਤੀ। ਉਹ ਲੋਕ ਜੋ ਪਹਿਲਾਂ ਨੀਚ ਤੇ ਅਪਵਿੱਤਰ ਸਮਝੇ ਜਾਂਦੇ ਸਨ ਤੇ ਦੁਰਕਾਰੇ ਜਾਂਦੇ ਸਨ ਹੁਣ ਸਨਮਾਨੇ ਜਾਣ ਲੱਗੇ।



www.AKJ.Org

# ਸ੍ਰੀ ਦਸ਼ਮੇਸ਼ ਦਾ ਪ੍ਰਿਥਮ ਪੂਰਨਾ

*(ਵਲੋਂ : ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)*

ਪ੍ਰਮਾਰਥ ਸੰਬੰਧੀ ਧਾਰਮਕ ਕੁਰਬਾਨੀ ਦੇ ਜੋ ਪੂਰਨੇ ਸ੍ਰੀ ਦਸ਼ਮੇਸ਼ ਗੁਰੂ ਪਾਤਸ਼ਾਹ ਨੇ ਪਾਏ ਹਨ, ਉਹ ਅੱਜ ਤਾਈਂ ਕਿਸੇ ਧਾਰਮਕ ਆਗੂ ਨੇ ਯਾ ਕਿਸੇ ਰੀਫਾਰਮਰ ਨੇ ਨਹੀਂ ਪਾਏ, ਨਾ ਪਾਉਣੇ ਹਨ।

ਪਹਿਲਾ ਪੂਰਨਾ ਸੱਚੀ ਅਤੇ ਸੁੱਚੀ ਨਿਰਭੈਤਾ ਦਾ ਹੈ। ਅੱਠ ਸਾਲ ਦੀ ਛੋਟੀ ਉਮਰ ਵਿਚ ਹੀ ਅਤਿ ਨਿਰਭੈ ਹੋ ਕੇ ਪਿਤਾ ਜੀ ਨੂੰ ਮਜ਼ਲੂਮਾਂ ਨਮਿਤ ਕੁਰਬਾਨੀ ਦੀ ਪ੍ਰੇਰਨਾ ਕਰਨੀ ਸੱਚੀ ਨਿਰਭੈਤਾ ਦੀ ਸਪਿਰਿਟ ਦਾ ਲਖਾਇਕ ਹੈ। ਪਿਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਹੋਨਹਾਰ ਗੁਰੂ ਗੋਬਿੰਦ ਸਿੰਘ ਜੀ ਅੰਦਰ ਨਿਰਭੈਤਾ ਵਾਲੀ ਸੱਚੀ ਸਪਿਰਿਟ ਦੇਖ ਕੇ ਮਜ਼ਲੂਮਾਂ ਨਮਿਤ ਨਿਸ਼ਕਾਮਤਾ ਸਹਿਤ ਕੁਰਬਾਨ ਹੋਣ ਦੀ ਠਾਣੀ ਤਾਂ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਿਰਭੈਤਾ ਵਾਲੀ ਸਪਿਰਿਟ ਦੇਖ ਕੇ ਹੀ ਠਾਣੀ।

ਦੂਜੀ ਨਿਰਭੈਤਾ ਵਾਲੀ ਸਪਿਰਿਟ ਸ੍ਰੀ ਗੁਰੂ ਦਸ਼ਮੇਸ਼ ਜੀ ਨੇ ਗੁਰਤਾ ਦੀ ਗੱਦੀ ਸਾਂਭਣ ਸਾਰ ਹੀ ਦਿਖਾਈ। ਸੱਚੀ ਸੂਰਬੀਰਤਾ ਦੀ ਸਪਿਰਿਟ ਨਾ ਸਿਰਫ ਆਪਦੇ ਅੰਦਰ ਹੀ ਭਰ ਕੇ ਦਰਸਾਈ, ਬਲਕਿ ਸਾਰੇ ਪੰਥ ਅੰਦਰ ਭੀ ਇਹੋ ਸਪਿਰਿਟ ਭਰੀ। ਅੰਤਰ ਆਤਮੇ ਨਾਮ ਦਾ ਖੰਡਾ ਬਦਸਤੂਰ ਖੜਕਾਉਣਾ ਅਤੇ ਖੜਕਾਉਂਦੇ ਹੋਏ, ਧਰਮਯੁਧ ਹਿਤ ਖੜਗੇਸ਼ੀ ਖੰਡਾ ਖੜਕਾਉਣ ਦੀ ਇਸ ਬਿਧਿ ਪ੍ਰੇਰਨਾ ਕੀਤੀ। ਯਥਾ :-

> ਧਨ ਜੀਉ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮਹਿ ਜੁਧੁ ਬਿਚਾਰੈ ॥
> ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ॥
> ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉਂ ਉਜਿਆਰੈ ॥
> ਗਿਆਨਹਿ ਕੀ ਬਢਨੀ ਮਨੋ ਹਾਥਿ ਲੈ ਕਾਤੁਰਤਾ ਕੁਤਵਾਰ ਬੁਹਾਰੈ ॥੨੪੯੨॥

ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ

ਹਾਂ ਜੀ! ਇਸ ਬਿਧਿ ਨਿਰਭੈਤਾ ਵਾਲੇ ਸੱਚੇ ਪ੍ਰਮਾਰਥੀ ਪੂਰਨਿਆਂ ਨੂੰ ਦਰਸਾਇ ਕੇ, ਸਾਰੇ ਪੰਥ ਨੂੰ ਉਭਾਰਿਆ ਵੰਗਾਰਿਆ। ਚਿਤ ਅੰਦਰਿ ਜੁੱਧ ਕਰਨ ਦਾ ਜੋਸ਼ ਚਿਤਾਰ ਕੇ ਭੀ ਮੁਖੋਂ ਨਾਮ ਦਾ ਸੱਚਾ ਖੜਗੇਸ਼ੀ-ਖੰਡਾ ਭੀ ਨਾਲੋ ਨਾਲ ਖੜਕਾਈ ਜਾਣਾ ਲਾਜ਼ਮੀ ਹੈ। ਇਸ ਬਿਧਿ, ਕੇਵਲ ਏਸੇ ਬਿਧਿ ਹੀ ਸਫਲਤਾ ਹੋ ਸਕਦੀ ਹੈ।

''ਦੇਹ ਅਨਿਤ ਨ ਨਿਤ ਰਹੈ'' ਦੀ ਸੱਚੀ ਸੂਰਮਤਾਈ ਦੀ ਜੰਗੀ ਸਪਿਰਿਟ, ਆਪਣੇ ਅਤਿ ਛੋਟੀ ਉਮਰ ਵਾਲੇ ਸਾਹਿਬਜ਼ਾਦਿਆਂ ਅੰਦਰ ਐਸੀ ਭਰੀ ਕਿ ਉਹ ਨਿਰਭੈ ਹੋ ਕੇ ਐਸੇ ਜੂਝੇ ਕਿ ਰੰਚਕ ਮਾਤਰ ਭੀ ਆਪਣੀ ਜ਼ਿੰਦਗੀ ਨਾਲ ਪਿਆਰ ਨਹੀਂ ਪਾਇਆ। ਅਮਲੀ ਤੌਰ ਤੇ ਇਹ ਮਿਸਾਲ ਕਾਇਮ ਕਰ ਕੇ ਦਿਖਾਈ ਕਿ ਬਪੜੀ ਚਾਰ ਦਿਹਾੜੇ-ਰਹਿਣ-ਵਾਲੀ -ਦੇਹੀ ਦਾ ਰੰਚਕ ਖਿਆਲ ਨਾ ਰਖਦੇ, ਨਿਸ਼ਕਾਮਤਾ ਸਹਿਤ ਬਲੀਦਾਨ ਹੋਏ। ਜਨਮਨ ਸਾਰ ਹੀ ਸਾਹਿਬਜ਼ਾਦਿਆਂ ਦੇ ਦਿਲ ਦਿਮਾਗ ਅੰਦਰ ਸੱਚੜੇ ਨਾਮ ਅਭਿਆਸ ਦਾ ਮਾਦਾ ਐਸਾ ਕੁੱਟ ਕੁੱਟ ਕੇ ਭਰਿਆ ਕਿ ਜਿਸ ਦੇ ਤੁਫ਼ੈਲ ਮਰਨ ਦੀ ਚਿੰਤਾ ਤੇ ਜੀਵਨ ਦੀ ਲਾਲਸਾ ਹੀ ਬਿਨਸ ਗਈ। 'ਮਰਣੈ ਕੀ



www.AKJ.Org

ਚਿੰਤਾ ਨਹੀ ਜੀਵਣ ਕੀ ਨਹੀ ਆਸ॥ ਦੇ ਗੁਰਵਾਕ ਭਾਵ ਵਾਲੇ ਅਮਲੀ ਪੂਰਨੇ ਪਾ ਕੇ ਦਿਖਾਏ। ਸੱਚ ਮੁੱਚ ਇਹ ਅਮਲੀ ਪੂਰਨਿਆਂ ਵਾਲਾ ਸੱਚੜਾ ਰਸ ਹਿਰਦੇ ਅੰਦਰ ਵਸਿਆ ਰਸਿਆ ਹੋਵੇ, ਸੱਚੀ ਨਿਰਭੈਤਾ ਹੀ ਏਸੇ ਰਸ ਅੰਦਰ ਹੈ। ਜੋ ਏਸ ਰਸ ਤੋਂ ਸੁਨ ਹਨ ਉਹ ਨਿਰੀ ਲੌਕਿਕ ਵਡਿਆਈ ਦੇ ਕਾਰਨ ਹੰਕਾਰੇ ਰਹਿੰਦੇ ਹਨ। ਕਿਸੇ ਲੇਖੇ ਵੀ ਨਹੀਂ ਪੈਂਦੇ ਤਿਨ੍ਹਾਂ ਦੇ ਅਮਲ (ਕਰਮ)। ਧਰਮ ਹੇਤ ਉਹ ਸੱਚੀ ਨਿਰਭੈਤਾ ਨਿਸ਼ਕਾਮਤਾ ਵਾਲੀ ਸਪਿਰਿਟ ਸਹਿਤ ਸੰਪੂਰਤ ਹੋ ਕੇ ਸੱਚੜਾ ਪ੍ਰਮਾਰਥੀ ਜਸ ਭੀ ਖੱਟਦੇ ਹਨ ਅਤੇ ਇਸ ਜੱਸ ਦੀ ਸੱਚੜੀ ਬੇੜੀ ਤੇ ਚੜ੍ਹ ਕੇ ਭਵਸਾਗਰੋਂ ਭੀ ਪਾਰ ਪੈਂਦੇ ਹਨ। ਦੁਨਿਆਵੀ ਜਸ ਆਪੇ ਹੀ ਉਨ੍ਹਾਂ ਦੇ ਮਗਰ ਲਗਿਆ ਫਿਰਦਾ ਹੈ। ਸ੍ਰੀ ਦਸ਼ਮੇਸ਼ ਜੀ ਦੀ ਪਰਵੇਸ਼ ਕੀਤੀ ਹੋਈ ਬੁੱਧ-ਸਬੁੱਧੀ ਅੰਦਰਲੀ ਰੱਖੀ ਸਪਿਰਿਟ ਅਨੁਸਾਰ ਉਹ ਆਪਣੇ ਜੀਵਨ ਨੂੰ, ਤਨ ਨੂੰ ਸੱਚੀ ਧੀਰਜਤਾ (ਸਹਿਨਸ਼ੀਲਤਾ) ਦਾ ਧਾਮ ਬਣਾ ਲੈਂਦੇ ਹਨ। ਉਹਨਾਂ ਦੀ ਬੁੱਧੀ ਭੀ ਸੁੱਬੁੱਧੀ ਹੋ ਜਾਂਦੀ ਹੈ। ਨਾਮ ਨਾਲਿ ਲਟ ਲਟ ਕਰ ਕੇ ਜਗਦੀ ਪ੍ਰਮਾਰਥਤ ਰੌਸ਼ਨੀ ਤਿਨ੍ਹਾਂ ਜਿੰਦੜੀਆਂ ਅੰਦਰ ਸਾਵਧਾਨਤਾ ਸਹਿਤ ਉਜਾਰਤ ਹੁੰਦੀ ਹੈ, ਅਤੇ ਡੋਲਣੋਂ ਬਚਾਉਂਦੀ ਹੈ। ਉਹਨਾਂ ਦੇ ਅੰਦਰ ਸੱਚੜਾ ਗੁਰਮਤਿ ਗਿਆਨ ਪ੍ਰਕਾਸ਼ਤ ਹੁੰਦਾ ਹੈ। ਉਹ ਆਪਣੇ ਹੀ ਨਹੀਂ, ਸਗੋਂ ਸੰਸਾਰ ਭਰ ਦੇ ਦੁੱਖਾਂ ਨੂੰ ਕੱਟਣ ਦੇ ਸਮਰੱਥ ਹੋ ਜਾਂਦੇ ਹਨ। ਇਕ ਵੰਨਗੀ ਮਾਤਰ ਉਦਾਹਰਨ ਹੈ ਕਿ ਸ੍ਰੀ ਦਸ਼ਮੇਸ਼ ਜੀ ਨੇ ਨਿਰਭੈਤਾ ਵਾਲੀ ਸਪਿਰਿਟ ਪਰਵੇਸ਼ ਕਰਕੇ ਦਿਖਾਈ ਕਿ ਜਿਸ ਕਾਰਨ ਕਰਕੇ ਇਹ ਗੁਰਵਾਕ ਉਨ੍ਹਾਂ ਪਰਥਾਇ ਪੂਰਾ ਪੂਰਾ ਘਟਦਾ ਹੈ :-

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥**

**ਜਪੁਜੀ, ਸਲੋਕ, ਪੰਨਾ ੮**

ਇਹ ਇਕ ਨਮੂਨੇ ਮਾਤਰ ਹੀ ਸ੍ਰੀ ਦਸ਼ਮੇਸ਼ ਜੀ ਦੀ ਪੂਰਨ ਨਿਰਭੈਤਾ ਵਾਲੀ ਸਪਿਰਿਟ ਦੀ ਅਜ਼ਮਤ ਨਿਰੂਪਣ ਹੈ। ਹੋਰ ਅਨੇਕ ਉਦਾਹਰਨਾਂ ਹਨ ਜਿਨ੍ਹਾਂ ਦੇ ਕਾਰਨ ਸ੍ਰੀ ਦਸ਼ਮੇਸ਼ ਜੀ ਦਾ ਪੂਰਨ ਜੀਵਨ ਹੀ ਏਸ ਪੂਰਨੇ ਨਾਲ ਭਰਿਆ ਪਿਆ ਹੈ। ਲੇਖ ਦੇ ਵਿਸਥਾਰ ਹੋਣ ਦੇ ਤੌਖਲੇ ਨਾਲ ਏਥੇ ਹੀ ਸਮਾਪਤ ਕੀਤਾ ਜਾਂਦਾ ਹੈ।

## ਪੰਜ ਪਿਆਰੇ

ਭਾਈ ਦਇਆ ਸਿੰਘ ਜੀ
ਭਾਈ ਧਰਮ ਸਿੰਘ ਜੀ
ਭਾਈ ਹਿੰਮਤ ਸਿੰਘ ਜੀ
ਭਾਈ ਮੋਹਕਮ ਸਿੰਘ ਜੀ
ਭਾਈ ਸਾਹਿਬ ਸਿੰਘ ਜੀ

□ ਸਿਰੀ ਰਾਗੁ ਮ: ੧, (੫॥੧੮) ਪੰਨਾ - ੦



www.AKJ.Org

# ਗੁਰਮਤਿ ਅਧਿਆਤਮ ਕਰਮ ਫਿਲਾਸਫੀ

*(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)*

*(ਲੜੀ ਜੋੜਨ ਲਈ 'ਸੂਰਾ' ਦਸੰਬਰ ੨੦੦੧ ਦੇਖੋ)*

ਗੁਰਮਤਿ ਕਰਮ ਫ਼ਿਲਾਸਫ਼ੀ ਦੀ ਬਾਰਤਾ ਹੋਰ ਚਲੀ । ਆਨਮਤ ਕਰਮਾਂ ਨਾਲੋਂ ਗੁਰਮਤਿ ਕਰਮ ਦੇ ਅਫ਼ਜ਼ਲ ਅਤੇ ਵਿਲੱਖਣ ਹੋਣ ਦਾ ਨਿਰਣਾ ਵੇਰਵਾ ਹੋਰ ਚਲਿਆ ।

ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ ॥
ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ ॥੨॥

---

ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥
ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥
ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥
ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥੪॥ (੪॥੪)
(ਆਸਾ ਮ: ੫. ਪੰਨਾ ੩੭੧)

ਭਾਵ-ਮਾਇਆ ਐਸੀ ਮੋਹਨੀ ਹੈ, ਨਾ ਤੀਰਥਾਂ ਦੇ ਤਟਾਂ ਤੇ ਰਹਿਣ ਵਾਲਿਆਂ ਨੂੰ ਛਡਦੀ ਹੈ, ਨਾ ਤੀਰਥਾਂ ਦੇ ਪੁਰਬੀ ਇਸ਼ਨਾਨ ਕਰਨ ਵਾਲਿਆਂ ਨੂੰ ਛਡਦੀ ਹੈ, ਨਾ ਜੋਗ ਅਭਿਆਸੀਆਂ ਨੂੰ ਅਤੇ ਨਾ ਹੋਰ ਸਾਧਨ ਕਰਮ ਕਰਨਹਾਰਿਆਂ ਉਤੇ ਮਾਇਆ ਆਪਣਾ ਅਸਰ ਪਾਉਣੋਂ ਰਹਿੰਦੀ ਹੈ । ਨਾ ਸੰਨਿਆਸ ਕਰਮ ਕਰਨਹਾਰੇ ਸੰਨਿਆਸੀਆਂ ਦਾ ਖਹਿੜਾ ਛਡਦੀ ਹੈ । ਬਥੇਰੇ ਸਿਮ੍ਰਿਤੀਆਂ ਸ਼ਾਸਤ੍ਰਾਂ ਨੂੰ ਪੜਿ ਥਕੇ, ਤਿਨ੍ਹਾਂ ਦੇ ਪੜਨ-ਹਾਰਿਆਂ ਅਤੇ ਤਿਨ੍ਹਾਂ ਦੇ ਅਨੁਸਾਰੀ ਕਰਮ ਕਰਨਹਾਰਿਆਂ ਨੂੰ ਭੀ ਇਹ ਮਾਇਆ ਪ੍ਰਬਲ ਹੋ ਕੇ ਲੈਂਦੀ ਹੈ । ਬੇਦ ਅਭਿਆਸੀਆਂ ਅਤੇ ਬੇਦਾਚਾਰੀ ਕਰਮ ਕੀਤਿਆਂ ਭੀ ਇਸ ਮਾਇਆ ਮੋਹਨੀ ਤੋਂ ਛੁਟਕਾਰਾ ਨਹੀਂ ਹੁੰਦਾ । ਮਹਿਮਾ ਮਈ ਗੁਰੂ ਘਰ ਦੀ ਵਡਿਆਈ ਸੁਣ ਕੇ ਸਤਿਗੁਰੂ ਦੁਆਰੇ ਜੋ ਵਡਭਾਗਾ ਜਨ ਆਉਂਦਾ ਹੈ ਅਤੇ ਸ਼ਰਧਾ ਸੇਤੀ ਜਾਚਨਾ ਕਰਦਾ ਹੈ, ਉਸ ਦੇ ਉਪਰ ਸਤਿਗੁਰੂ ਦੀ ਦਇਆ ਹੁੰਦੀ ਹੈ ਤਾਂ ਉਸ ਨੂੰ ਗੁਰੂ ਦੁਆਰਿਓਂ ਗੁਰਮਤਿ ਨਾਮ ਗੁਰ-ਮੰਤਰ ਮਿਲਦਾ ਹੈ ਅਤੇ ਦ੍ਰਿੜ੍ਹਾਇਆ ਜਾਂਦਾ ਹੈ । ਗੁਰ-ਮੰਤਰ ਦੀ ਅਭਿਆਸ ਕਮਾਈ ਕਰ ਕੇ ਅਤੇ ਗੁਰੂ ਦਰਸਾਏ ਅਨੰਤ ਗੁਣ ਗਾਇ. ਕੇ ਲੋੜੰਦੜੇ ਨਿਜ ਘਰ ਵਿਚ ਵਾਸ ਹੋ ਜਾਂਦਾ ਹੈ ਤੇ ਨਿਜ ਘਰ ਵਾਸਾ ਹੋਣ ਕਰਿ ਅਨੰਤ ਵਾਹਿਗੁਰੂ ਦਾ ਮਿਲਾਪ ਹੋ ਜਾਂਦਾ ਹੈ । ਪੂਰਨ ਨਿਸਚਿੰਤਤਾ ਇਸ ਪਦ ਨੂੰ ਪ੍ਰਾਪਤ ਕੀਤਿਆਂ ਹੁੰਦੀ ਹੈ । ਇਹ ਵਾਧਾ ਹੈ ਗੁਰਮਤਿ ਕਰਮਾਂ ਦਾ ਆਨਮਤ ਕਰਮ ਕਾਂਡਾਂ ਨਾਲੋਂ -

ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨਾ ਜਾਨੈ ॥
ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥
ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ ॥੩॥
ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਸਾਰਾ ॥
ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ ॥
ਗੁਰ ਮਿਲਿ ਨਾਨਕ ਨਾਮੁ ਧਿਆਇਆ ਸਾਚਿ ਨਾਮਿ ਨਿਸਤਾਰਾ ॥੪॥
੧॥ ੩੮॥ (ਆਸਾ ਘਰ ੩ ਮ: ੫. ਪੰਨਾ ੩੮੦)



www.AKJ.Org

ਵਿਆਖਿਆ - ਬਹੁਤੇ ਅਤੇ ਅਨੇਕਾਂ ਆਨਮਤ ਕਰਮਾਂ ਧਰਮਾਂ ਦੀਆਂ ਆਮੁਹਾਰੀਆਂ ਜੁਗਤੀਆਂ ਕੀਤਿਆਂ ਅਤੇ ਅਨੇਕਾਂ ਪਰਕਾਰ ਦੇ ਕਰਮ ਕਮਾਇਆਂ ਕਰਨਹਾਰ ਕਰਤਾਰ ਨੂੰ ਨਹੀਂ ਜਾਣ ਪਛਾਣ ਸਕੀਦਾ। ਦੂਜਿਆਂ ਨੂੰ ਉਪਦੇਸ਼ ਦਿੰਦਾ ਹੈ ਅਤੇ ਆਪ ਨਹੀਂ ਕਮਾਉਂਦਾ। ਇਹ ਇਉਂ ਸਮਝੋ ਕਿ ਨਿਰੇ ਨਿਗੁਰੇ ਕਰਮ ਹੀ ਕਰਦਾ ਹੈ। ਗੁਰਮਤਿ ਤਤ ਸ਼ਬਦ ਦੀ ਉਸ ਨੂੰ ਸੂਝ ਬੂਝ ਨਹੀਂ ਹੁੰਦੀ। ਤਾਂ ਤੇ ਬਿਨ ਤਤ ਸ਼ਬਦ ਦੀ ਸੂਝ ਬੂਝ ਦੇ ਜਿਤਨੇ ਭੀ ਕਰਮ ਧਰਮ ਸੰਜਮ ਕੋਈ ਕਰਦਾ ਹੈ ਉਹ ਹਾਥੀ ਵਾਂਗੂੰ ਆਪਣੇ ਸਿਰ ਤੇ ਖੇਹ ਹੀ ਪਾਉਂਦਾ ਹੈ ਅਤੇ ਖ਼ਾਕ ਹੀ ਛਾਣਦਾ ਹੈ। ਜਿਹਾ ਨੰਗ ਮਲੰਗ ਆਇਆ ਤਿਹਾ ਹੀ ਨੰਗ ਮਲੰਗ ਜਗ ਤੋਂ ਉਠਿ ਜਾਂਦਾ ਹੈ, ਹਾਸਿਲ ਉਸ ਨੂੰ ਕੁਛ ਨਹੀਂ ਹੁੰਦਾ। ਸੱਚ ਮੁੱਚ ਐਥੋਂ ਇਸ ਜਗ ਤੋਂ ਨਾਮ ਬਿਨਾਂ ਖਟ ਕੇ ਲੈ ਜਾਣ ਨੂੰ ਭੀ ਕੁਛ ਨਹੀਂ। ਇਹ ਸਭ ਝੂਠਾ ਪਸਾਰਾ ਹੀ ਹੈ ਤ੍ਰੈਗੁਣੀ ਮਾਇਆ ਦਾ, ਜਿਸ ਪਿਛੇ ਸਾਰਾ ਜੱਗ ਧਾਵੰਦਾ ਫਿਰਦਾ ਹੈ। ਆਨਮਤ ਕਰਮਾਂ ਧਰਮਾਂ ਵਾਲੇ ਸਾਰੇ ਧਾਵੰਦੇ ਫਿਰਦੇ ਹਨ। ਐਸੇ ਕਰਮੀਏ ਧਰਮੀਏ ਸਭਿ ਗਵਾਰ ਲੋਗ ਹਨ, ਜੋ ਐਵੇਂ ਖਪਿ ਖਪਿ ਮਰਦੇ ਹਨ ਅਤੇ ਮੈਂ-ਮੇਰੀ ਤੇ ਹਠ-ਧਰਮੀ ਹਠ-ਕਰਮੀ ਹੜ੍ਹ ਵਿਚਿ ਡੁਬਿ ਡੁਬਿ ਮਰਦੇ ਹਨ। ਜਿਨ੍ਹਾਂ ਨੇ ਗੁਰੂ ਦੁਆਰਾ ਗੁਰਮਤਿ ਨਾਮੁ ਧਿਆਇਆ ਹੈ ਤਿਨ੍ਹਾਂ ਦਾ ਹੀ ਨਾਮ ਅਭਿਆਸ ਕਮਾਈਆਂ ਕਰਿ ਕਰਿ ਸੱਚਾ ਨਿਸਤਾਰਾ ਪਾਰ-ਉਤਾਰਾ ਹੁੰਦਾ ਹੈ।

ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥੧॥
ਸੋ ਅਸਥਾਨੁ ਬਤਾਵਹੁ ਮੀਤਾ ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥੧॥ ਰਹਾਉ ॥
ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥
ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥੨॥
ਗਿਰਸਤ ਮਹਿ ਚਿੰਤ ਉਦਾਸ ਅੰਹਕਾਰ ॥
ਕਰਮ ਕਰਤ ਜੀਅ ਕਉ ਜੰਜਾਰ ॥੩॥
ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥
ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥੪॥
ਸਾਧਸੰਗਿ ਹਰਿ ਕੀਰਤਨੁ ਗਾਈਐ ॥
ਇਹੁ ਅਸਥਾਨੁ ਗੁਰੂ ਤੇ ਪਾਈਐ ॥੧॥ ਰਹਾਉ ਦੂਜਾ ॥੭॥੫੮॥

(ਆਸਾ ਮ: ੫, ਪੰਨਾ ੩੮੫)

ਵਿਆਖਿਆ - ਆਨਮਤੀ ਲੋਗ ਪਹਿਲਾਂ ਤਾਂ ਹਉ ਹਉ ਕਰਦੇ ਹੋਏ ਹਉਮੈ ਦੇ ਲੱਦੇ ਹੋਏ ਤੀਰਥ ਯਾਤਰਾ ਕਰਨ ਜਾਂਦੇ ਹਨ। ਤੀਰਥ ਕੀਤਿਆਂ ਤੇ ਤਰੀਥ ਨ੍ਹਾਤਿਆਂ ਹਉਮੈ ਦੀ ਹੋਰ ਦੁਗਣੀ ਮੈਲ ਲੱਗ ਜਾਂਦੀ ਹੈ। ਤਾਂ ਐਸੀ ਤੀਰਥ ਯਾਤਰਾ ਦਾ ਕੀ ਫ਼ਾਇਦਾ ? ਬੜੇ ਬੜੇ ਬੇਦ-ਵੇਤੇ ਪੰਡਿਤਾਂ ਨੂੰ ਦੇਖੋ ਪੜਤਾਲੋ ਤਾਂ ਵਿਚੋਂ ਉਹਨਾਂ ਦੇ ਮਾਇਆ ਦੀ ਭੰਗਾਰ ਭਰੀ ਹੋਈ ਹੀ ਮਿਲਦੀ ਹੈ। ਜਿਥੇ ਜਾਓ ਤੇ ਜਿਸ ਨੋ ਪੁਛੋ, ਤਿਥੋਂ ਹਰ ਕਿਸੇ ਦੇ ਅੰਦਰਿ ਮਾਇਆ ਦਾ ਪਸਾਰਾ ਹੀ ਪਸਰਿਆ ਨਿਕਲਦਾ ਹੈ। ਲੋੜ ਹੈ ਤਾਂ ਐਸੇ ਅਸਥਾਨ ਦੇ ਲੱਭਣ ਦੀ ਲੋੜ ਹੈ ਜਿਥੇ ਨਿਤਪ੍ਰਤਿ ਕੀਰਤਨ ਹੁੰਦਾ ਹੋਵੇ। ਸ਼ਾਸਤ੍ਰਾਂ ਤੇ ਬੇਦਾਂ ਵਿਚਿ ਪਾਪ ਪੁੰਨ ਦੇ ਹੀ ਫੋਕਟ ਭੰਗਾਰ ਰੂਪੀ ਵਿਚਾਰ ਭਰੇ ਪਏ ਹਨ। ਤ੍ਰੈਗੁਣੀ ਮਾਇਆ ਦੇ ਟੰਟਿਆ ਦਾ ਹੀ ਵਿਸਥਾਰ ਇਨ੍ਹਾਂ ਫੋਕਟ ਵੀਚਾਰਾਂ ਵਿਚਿ ਹੁੰਦਾ ਹੈ। ਏਹਨਾਂ ਸ਼ਾਸਤ੍ਰ ਬੇਦ ਵਿਸਥਾਰੀ ਕਰਮਾਂ ਦੇ ਕਰਨਹਾਰਿਆਂ ਨੂੰ ਨਰਕਾਂ ਸੁਰਗਾਂ ਵਿਚਿ ਹੀ ਪੈਣਾ ਪੈਂਦਾ ਹੈ। ਬੇਦ ਸ਼ਾਸਤ੍ਰ ਦੇ ਦ੍ਰਿੜ੍ਹਾਏ ਗ੍ਰਿਹਸਤ



www.AKJ.Org

ਧਰਮ ਗ੍ਰਹਿਣ ਕੀਤਿਆਂ ਚਿੰਤਾ-ਗ੍ਰਸਤ ਹੀ ਰਹੀਦਾ ਹੈ। ਗ੍ਰਿਹਸਤ ਤੋਂ ਉਪਰਾਮ ਹੋ ਕੇ ਗ੍ਰਿਹਸਤ ਦਾ ਤਿਆਗ ਬੇਦਾਂ ਸ਼ਾਸਤ੍ਰਾਂ ਨੇ ਦ੍ਰਿੜ੍ਹਾਇਆ ਹੈ। ਤਿਸ ਤਿਆਗ ਸੰਨਿਆਸ ਦੇ ਧਾਰਨ ਕੀਤਿਆਂ ਹੰਕਾਰ ਹੀ ਹੰਕਾਰ ਵੱਧਦਾ ਹੈ, ਕੁਛ ਨਹੀਂ ਸਰਦਾ ਸਿਝਦਾ। ਹਰ ਸੂਰਤ ਬੇਦ ਸ਼ਾਸਤ੍ਰ ਅਨੁਸਾਰੀ ਕਰਮ ਕੀਤਿਆਂ ਜੀਆਂ ਦੇ ਬੰਧਨਾਂ ਰੂਪੀ ਜੰਜਾਲ ਹੀ ਜੰਜਾਲ ਵਧਦੇ ਹਨ। ਜਿਨ੍ਹਾਂ ਨੂੰ ਵਾਹਿਗੁਰੂ ਦੀ ਕਿਰਪਾ ਨਾਲਿ ਸੱਚੇ ਸਤਿਗੁਰੂ ਦੀ ਸਰਣ ਪ੍ਰਾਪਤਿ ਹੋਈ ਹੈ ਤਿਨ੍ਹਾਂ ਨੂੰ ਨਾਮ ਗੁਰ ਦੀਖਿਆ ਗੁਰੂ ਦੁਆਰਿਓਂ ਮਿਲਣ ਕਰਿ ਗੁਰਮਤਿ ਨਾਮ ਅਭਿਆਸ ਕਮਾਈ ਦੀ ਬਰਕਤ ਪਰਾਪਤਿ ਹੋਈ ਹੈ। ਤਿਸ ਬਰਕਤ ਦੁਆਰਾ ਤਿਨ੍ਹਾਂ ਦਾ ਮਨੁ ਵਸਿ ਆਇਆ ਹੈ। ਐਸੇ ਮਨ-ਵਸਗਤੀ ਗੁਰਮੁਖਾਂ ਨੇ ਮਾਇਆ ਉਪਰ ਭੀ ਵਸੀਕਾਰ ਕੀਤਾ ਹੈ। ਤਿਨ੍ਹਾਂ ਨੂੰ ਮਾਇਆ ਪੁਹੰਦੀ ਨਹੀਂ। ਐਸੇ ਗੁਰਮੁਖਿ ਜਨ ਆਇਆਂ (ਸੰਸਾਰ ਵਿਚਿ) ਅਲੇਪ ਨਿਰਲੇਪ ਰਹਿੰਦੇ ਹੋਏ ਮਾਇਆ ਦੇਸ ਮੁੰਦਰ ਭਵਜਲੋਂ ਪਾਰ ਪੈਂਦੇ ਹਨ। ਤਿਨ੍ਹਾਂ ਨੂੰ ਗੁਰੂ ਘਰ ਦੀ ਸਾਧ ਸੰਗਤਿ ਪ੍ਰਾਪਤਿ ਹੋਈ ਹੈ। ਜਿਸ ਸਤਸੰਗਤਿ ਵਿਚਿ ਮਿਲ ਕੇ ਹਰਿ ਕੀਰਤਨ ਗਾਉਣਾ ਨਸੀਬ ਹੁੰਦਾ ਹੈ। ਇਹ ਗੁਰੂ ਘਰ ਦਾ ਹਰਿ-ਕੀਰਤਨ ਅਤੇ ਗੁਰੂ ਘਰ ਦੇ ਕੀਰਤਨੀਆਂ ਦਾ ਕੀਰਤਨ-ਮੰਡਲ ਵਡੇ ਭਾਗਾਂ ਕਰ ਕੇ ਮਿਲਦਾ ਹੈ। ਜੋ ਸਾਰੇ ਕਰਮਾਂ ਸਿਰ ਸ੍ਰੇਸ਼ਟ ਅਤੇ ਮਹਾਂ ਸ੍ਰੇਸ਼ਟ ਉਤਮ ਅਤੇ ਵਿਲੱਖਣ ਕਰਮ ਹੈ। ਜਿਸ ਦੇ ਤੁਲਿ ਕੋਈ ਕਰਮ ਧਰਮ ਨਹੀਂ ਪੁੱਜ ਸਕਦਾ।

ਸਗਲ ਸੂਖ ਜਪਿ ਏਕੈ ਨਾਮ ॥ ਸਗਲ ਧਰਮ ਹਰਿ ਕੇ ਗੁਣ ਗਾਮ ॥
ਮਹਾ ਪਵਿਤ੍ਰ ਸਾਧ ਕਾ ਸੰਗੁ ॥ ਜਿਸ ਭੇਟਤ ਲਾਗੈ ਪ੍ਰਭ ਰੰਗੁ ॥੧॥
ਗੁਰ ਪ੍ਰਸਾਦਿ ਓਇ ਆਨੰਦ ਪਾਵੈ ॥ ਜਿਸੁ ਸਿਮਰਤ ਮਨਿ ਹੋਇ ਪ੍ਰਗਾਸਾ ॥
ਤਾ ਕੀ ਗਤਿ ਮਿਤਿ ਕਹਨੁ ਨ ਜਾਵੈ ॥੧॥ ਰਹਾਉ ॥
ਵਰਤ ਨੇਮ ਮਜਨ ਤਿਸੁ ਪੂਜਾ ॥ ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ ॥
ਮਹਾ ਪੁਨੀਤ ਜਾ ਕਾ ਨਿਰਮਲ ਥਾਨੁ ॥
ਸਾਧਸੰਗਤਿ ਜਾ ਕੈ ਹਰਿ ਹਰਿ ਨਾਮੁ ॥੨॥
ਪ੍ਰਗਟਿਓ ਸੋ ਜਨੁ ਸਗਲੇ ਭਵਨ ॥
ਪਤਿਤ ਪੁਨੀਤ ਤਾ ਕੀ ਪਗ ਰੇਨ ॥
ਜਾ ਕਉ ਭੇਟਿਓ ਹਰਿ ਹਰਿ ਰਾਇ ॥
ਤਾਕੀ ਗਤਿ ਮਿਤਿ ਕਥਨੁ ਨ ਜਾਇ ॥੩॥
ਆਠ ਪਹਰ ਕਰਿ ਜੋੜਿ ਧਿਆਵਉ ॥
ਉਨ ਸਾਧਾ ਕਾ ਦਰਸਨੁ ਪਾਵਉ ॥
ਮੋਹਿ ਗਰੀਬ ਕਉ ਲੇਹੁ ਰਲਾਇ ॥
ਨਾਨਕ ਆਇ ਪਏ ਸਰਣਾਇ ॥੪॥੩੮॥੮੯॥

(ਆਸਾ ਮ: ੫, ੩੯੨-੯੩)

ਵਿਆਖਿਆ - ਏਕ ਨਾਮ ਦੇ ਜਪਿਆਂ ਲੋਕ ਪ੍ਰਲੋਕ ਦੇ ਸਾਰੇ ਸੁਖਾਂ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਵਾਹਿਗੁਰੂ ਦੇ ਗੁਣ ਗਾਉਣ ਵਿਚਿ, ਗੁਰਬਾਣੀ ਰੂਪੀ ਗੁਰਮਤਿ ਗੁਣਾਂ ਦੇ ਕੀਰਤਨ ਕਰਨ ਵਿਚਿ ਸਾਰੇ ਹੀ ਕਰਮ ਧਰਮ ਆ ਜਾਂਦੇ ਹਨ। ਗੁਰੂ ਘਰ ਦੀ ਸਾਧ ਸੰਗਤਿ ਦਾ ਸੰਗਿ ਕਰਨਾ ਮਹਾਂ ਪਵਿਤਰ ਕਰਮੁ ਹੈ। ਜਿਸ ਜਿਹਾ ਕੋਈ ਕਰਮ ਨਹੀਂ। ਇਸ ਕਰਕੇ ਮਹਾਂ ਪਵਿੱਤਰ ਹੈ ਕਿ ਸਾਧ ਸੰਗਤਿ ਨੂੰ ਭੇਟਿਆਂ ਵਾਹਿਗੁਰੂ ਦਾ ਨਾਮ ਰੰਗੁ ਪ੍ਰੇਮ ਰੰਗ ਚੜ੍ਹਦਾ ਹੈ। ਨਾਮ ਦੇ ਪ੍ਰੇਮ ਦੇ ਰੰਗ ਚੜ੍ਹਿਆਂ ਗੁਰ ਪ੍ਰਸਾਦੀ ਉਹ ਆਨੰਦ



www.AKJ.Org

ਆਉਂਦਾ ਹੈ, ਪ੍ਰਾਪਤਿ ਹੁੰਦਾ ਹੈ ਕਿ ਜਿਸ ਗਹਿਨ-ਗਤਿ ਕਹੀ ਨਹੀਂ ਜਾ ਸਕਦੀ। ਵਾਹਿਗੁਰੂ ਨਾਮ ਦੀ ਅਭਿਆਸ ਕਮਾਈ (ਸਿਮਰਨ) ਕੀਤਿਆਂ ਮਨ ਅੰਦਰਿ ਜੋਤੀਸ਼ ਵਾਹਿਗੁਰੂ ਦੀ ਜੋਤਿ ਦਾ ਪ੍ਰਕਾਸ਼ ਹੋਇ ਆਵੰਦਾ ਹੈ। ਜਿਸ ਜੋਤਿ ਪ੍ਰਕਾਸ਼ ਦੀ ਮਹਿਮਾ ਭੀ ਅਕਥ ਹੈ, ਕਥੀ ਨਹੀਂ ਜਾ ਸਕਦੀ। ਤਿਸ ਜੋਤਿ ਪ੍ਰਕਾਸ਼ੀ ਨਾਮ ਅਭਿਆਸੀ ਦੇ ਨਾਮ ਅਭਿਆਸ ਕਰਮ ਵਿਚਿ ਵਰਤ ਨੇਮ ਤੀਰਥਾਂ ਦੇ ਮਜਨ ਆਦਿਕ ਕਰਮ ਸਭਿ ਆ ਗਏ। ਉਸ ਨੇ ਬੇਦ ਪੁਰਾਨ ਸਿਮ੍ਰਿਤੀਆਂ ਸਭ ਸੁਣ ਲਈਆਂ। ਤਿਸ ਨੂੰ ਨਾ ਵੇਦਾਂ ਦੇ ਪੜ੍ਹਨ ਸੁਣਨ ਦੀ ਲੋੜ ਰਹੀ ਨਾਂ ਹੀ ਪੁਰਾਣ, ਸ਼ਾਸਤ੍ਰ, ਸਿਮ੍ਰਿਤੀਆਂ ਦੇ ਪੜ੍ਹਨ ਸੁਣਨ ਦੀ ਕਣੌਡ ਰਹੀ। ਬੇਦਾਂ ਪੁਰਾਣਾਂ ਸਿਮ੍ਰਿਤੀਆਂ ਦੇ ਦ੍ਰਿੜ੍ਹਾਏ ਕਰਮ ਕਰਨ ਦੀ ਲੋੜ ਨਹੀਂ ਰਹੀ। ਸਾਰੇ ਕਰਮ ਨਾਮ ਜਪਣ ਵਿਚਿ ਹੀ ਆ ਗਏ। ਜਿਸ ਜਨ ਦੇ ਅੰਦਰਿ ਵਾਹਿਗੁਰੂ ਨਾਮ ਦਾ ਨਿਵਾਸ ਹੈ ਤਿਸ ਨੂੰ ਸਾਧ ਸੰਗਤਿ ਰੂਪੀ ਮਹਾਂ ਪਵਿਤਰ ਅਤੇ ਨਿਰਮਲ ਅਸਥਾਨ ਮਿਲ ਗਿਆ ਹੈ। ਸਗਲੇ ਭਵਨਾਂ ਵਿਚਿ, ਚੌਦਾਂ ਲੋਕਾਂ ਵਿਚਿ, ਸਾਰੀ ਸ੍ਰਿਸ਼ਟੀ ਵਿਚਿ ਜੋ ਜਨ ਉਘਾ ਹੋ ਗਿਆ ਹੈ ਤਿਸ ਦੀ ਚਰਨ ਧੂੜੀ ਪਤਿਤਾਂ ਨੂੰ ਪਵਿੱਤਰ ਕਰਨਹਾਰੀ ਹੈ। ਜਿਸ ਨੂੰ ਰਾਇਆਂ ਸਿਰਿ ਰਾਇ ਹਰੀ ਰਾਇ ਦਾ ਦਰਸ਼ਨ ਭੇਟ ਹੋ ਗਿਆ ਹੈ ਤਿਸ ਦੀ ਗਤਿ ਮਿਤਿ ਕਥੀ ਨਹੀਂ ਜਾ ਸਕਦੀ। ਗੁਰੂ ਘਰ ਦੇ ਐਸੇ ਗੁਰਮੁਖਿ ਸਾਧ ਜਨਾਂ ਦੇ ਦਰਸ਼ਨ ਕਰਦਾ ਹੀ ਰਹਾਂ ਜਿਨ੍ਹਾਂ ਦੀ ਸੰਗਤਿ ਅਤੇ ਦਰਸ਼ਨ ਭੇਟਣ ਦੇ ਪਰਤਾਪ ਨਾਲਿ ਐਸੀ ਬਰਕਤ ਕਲਾ ਵਰਤ ਜਾਵੇ ਕਿ ਅਠੋ ਪਹਿਰ ਹੱਥ ਜੋੜ ਕੇ ਨਾਮ ਧਿਆਨ ਰੂਪੀ ਅਭਿਆਸ ਕਮਾਈਆਂ ਕਰਾਂ ਅਤੇ ਕਰਦਾ ਨਾ ਥੱਕਾਂ। ਗੁਰੂ ਨਾਨਕ ਸਾਹਿਬ (ਗਰੀਬੀ ਮਸਕੀਨੀ ਦੇ ਮੁਜੱਸਮ ਅਵਤਾਰ) ਭੀ ਇਹੀ ਅਰਾਧਨਾ ਕਰਦੇ ਹਨ ਕਿ ਅਜੇਹੇ ਗੁਰਮੁਖਿ ਸਾਧ ਜਨਾਂ ਦਾ ਦਰਸ਼ਨ ਪਾਉਂਦਾ ਰਹਾਂ ਅਤੇ ਆਠ ਪਹਿਰ ਕਰ ਜੋੜਿ ਧਿਆਉਂਦਾ ਰਹਾਂ। ਤਿਨ੍ਹਾਂ ਗੁਰਮੁਖਾਂ ਗੁਰੂ ਕੇ ਸਾਧਾਂ ਸਿਖਾਂ ਦੀ ਸਰਣਾਗਤਿ ਆਇ ਕੇ ਇਹੀ ਜੋਦੜੀ ਕਰਾਂ ਤੇ ਕਰਦਾ ਰਹਾਂ ਕਿ ਮੇਰੇ ਜਿਹੇ ਗਰੀਬ ਨੂੰ ਭੀ ਆਪਣੀ ਸੰਗਤ ਵਿਚਿ ਰਲਾਇ ਲਵੇ। ਧੰਨ ਗਰੀਬੀ ! ਧੰਨ ਗੁਰੂ ਨਾਨਕ ! ਤੇਰੀ ਗਰੀਬੀ ! ਜਿਸ ਨੇ 'ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨ ਛਾਰੀ' ਦਾ ਸਬਕ ਗੁਰਸਿਖਾਂ ਨੂੰ ਸਿਖਾਇਆ ਅਤੇ ਖੁਦ ਗਰੀਬੀ ਦੇ ਪੂਰਨੇ ਪਾ ਕੇ ਸਿਖਾਇਆ। ਗੁਰਮਤਿ ਕਰਮੀਸ਼ਰਾਂ ਦੇ ਗਰੀਬੀ-ਗੀਧੇ ਨਿਰਮਾਣ ਅਤੇ ਨਿਸ਼ਕਾਮ ਕਰਮ ਦੀ ਹੀ ਤੁਲਤਾ ਕਰਮਅਭਿਮਾਨੀਆਂ ਦੇ ਕਰਮਾਂ ਨਾਲਿ ਕਿਵੇਂ ਫਬ ਸਕੀਦਾ ਹੈ। ਗੁਰਮਤਿ ਨਾਮ ਅਭਿਆਸ ਕਰਮ ਆਨਮਤਿ ਨਿਉਲੀ ਆਦਿ ਕਰਮਾਂ ਤੋਂ ਅਤਿ ਸ੍ਰੇਸ਼ਟ ਅਤੇ ਬਹੁਤ ਹੀ ਵਿਲੱਖਣ ਕਰਮ ਹੈ। ਤਾਂ ਹੀ ਤਾਂ ਗੁਰਮਤਿ ਸਰਬੋਤਮੀ ਕਰਮੁ ਕਰਨ ਵਾਲੇ ਵਾਹਿਗੁਰੂ ਦੀ ਦਰਗਾਹ ਵਿਚਿ ਕਬੂਲ ਹੁੰਦੇ ਹਨ ਅਤੇ ਗਰੀਬੀ ਦੇ ਗੁਣਾਂ ਨਾਲਿ ਹੀ ਪੈਧੇ ਜਾਂਦੇ ਹਨ। ਤਿਨ੍ਹਾਂ ਨੂੰ ਸੂਖਮ ਤੋਂ ਸੂਖਮ ਅਹੰਕਾਰ ਦਾ ਸੰਕਲਪ ਨਹੀਂ ਉਤਪੰਨ ਹੁੰਦਾ। ਤਿਨ੍ਹਾਂ ਨੂੰ ਇਹ ਭੀ ਪ੍ਰਤੀਤ ਨਹੀਂ ਹੁੰਦਾ, ਇਹ ਭੀ ਸੋਝੀ ਤਿੰਨ੍ਹਾਂ ਨੂੰ ਨਹੀਂ ਰਹਿੰਦੀ ਕਿ ਮੈਂ ਕਰਮ ਕਰਨਹਾਰਾ ਹਾਂ। ਵਾਹਿਗੁਰੂ ਦੀ ਨਦਰ ਮਿਹਰ ਭੀ ਉਨ੍ਹਾਂ ਦੇ ਸਨਮੁਖ ਹੁੰਦੀ ਹੈ। ਨਾਮ-ਰਤਿਆਂ ਨੂੰ ਭਲਾ ਹੋਰ ਸੰਕਲਪ ਕੀ ਕਹੁ ?

**ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ ॥**
**ਜਨ ਨਾਨਕ ਕੀਤਾ ਨਾਮੁ ਧਰ ਹੋਰੁ ਛੋਡਿਆ ਧੰਧਾ ॥੪॥੧॥੧੦੩॥**

**(ਆਸਾ ਘਰੁ ਕਾਫੀ ੮, ਮ: ੫, ਪੰਨਾ ੩੯੬)**

ਭਾਵ-ਭਾਵੇਂ ਲੱਖਾਂ ਆਨਮੱਤ ਕਰਮਾਂ ਨੂੰ ਕਮਾਈਐ ਅਤੇ ਸਾਰੀ ਉਮਰ ਕਮਾਈ ਹੀ ਜਾਈਐ, ਪਰ ਕਰਮ ਕਾਂਡੀਆਂ ਦੀ ਤ੍ਰਿਸ਼ਨਾ ਦੁਬਿਧਾ ਨੂੰ ਬੰਨ੍ਹ ਨਹੀਂ ਪੈਂਦਾ, ਸਗੋਂ ਵਧਦੀ ਹੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦੇ ਸਿੱਖਾਂ ਨੇ ਕੇਵਲ ਨਾਮ ਅਭਿਆਸ ਨੂੰ ਆਪਣੀ ਟੇਕ ਬਣਾਇਆ ਹੈ। ਹੋਰ ਸਭ ਧੰਧ-ਬੰਧੀ ਕਰਮ ਕਰਨੇ ਤਿਆਗ ਦਿੱਤੇ ਹਨ। ਕੇਵਲ ਨਾਮ ਜਪਣ ਨਾਲਿ ਹੀ ਤ੍ਰਿਸ਼ਨਾ ਦੁਬਿਧਾ ਮਿਟਦੀ ਹੈ। ਹੋਰ ਕਿਸੇ ਕਰਮਾਂ ਦੇ ਕੀਤਿਆਂ ਨਹੀਂ ਮਿਟਦੀ। ਤਾਂ ਤੇ ਇਹ ਗੁਰਮਤਿ ਨਾਮ ਅਭਿਆਸ ਕਰਮ ਹੀ ਸਭ ਕਰਮਾਂ ਤੋਂ ਸ੍ਰੇਸ਼ਟ ਅਤੇ ਅਫ਼ਜ਼ਲ ਹੋਇਆ। ਤਾਂ ਤੇ ਇਸ ਸਿੱਟੇ ਦੀ ਸੱਚਾਈ ਵਾਲੀ ਗੌਰਵਤਾ ਦੇ ਮੰਨਣ ਵਿਚਿ ਕੋਈ ਸੰਦੇਹ ਨਹੀਂ ਰਿਹਾ।



www.AKJ.Org

# ਰੰਗ ਰੱਤੜੇ ਬਾਊ ਮੱਲ ਸਿੰਘ ਜੀ

*(ਵਲੋਂ : ਪ੍ਰੋਫੈਸਰ ਠਾਕੁਰ ਸਿੰਘ ਜੀ)* *(ਲੜੀ ਜੋੜਨ ਲਈ 'ਸੂਰਾ' ਦਸੰਬਰ ੨੦੦੧ ਵੇਖੋ ਜੀ)*

## ਅਪੁਨੇ ਸੇਵਕ ਕੀ ਆਪੇ ਰਾਖੈ -

ਜਦੋਂ ਸ੍ਰੀਮਾਨ ਬਾਊ ਜੀ ਜਥੇ ਨੂੰ ਵਿਦਾ ਕਰ ਕੇ ਆਪਣੇ ਕੁਆਟਰ ਵਿਚ ਪੁਜੇ ਤਾਂ ਉਨ੍ਹਾਂ ਨੂੰ ਹੁਕਮ ਮਿਲ ਗਿਆ, 'ਤੁਸੀਂ ਅੱਜ ਰਸਾਲੇ ਦੀ ਪ੍ਰੇਡ ਤੋਂ ਗ਼ੈਰਹਾਜ਼ਰ ਰਹੇ ਹੋ। ਇਸ ਕਰਕੇ ਤੁਹਾਨੂੰ Line-arrest (ਘ੍ਰਿਆ-ਲਾਈਨ-ਕੈਦ) ਕੀਤਾ ਜਾਂਦਾ ਹੈ ਅਤੇ ਕਲ੍ਹ ਨੂੰ ਸਵੇਰ ਦਸ ਵਜੇ ਕਰਨਲ ਸਾਹਿਬ ਦੇ ਪੇਸ਼ੀ ਹੋਵੇਗੀ।' ਰਸਾਲੇ ਵਿਚ ਹਰੇਕ ਦਾ ਖ਼ਿਆਲ ਸੀ ਕਿ ਪ੍ਰੇਡ ਤੋਂ ਗ਼ੈਰਹਾਜ਼ਰ ਹੋਣਾ ਇਕ ਬੜਾ ਸਖ਼ਤ ਕਸੂਰ ਹੈ ਤੇ ਇਸ ਦੀ ਸਜ਼ਾ ਵੀ ਬੜੀ ਸਖ਼ਤ ਹੋਵੇਗੀ। ਘਟ ਤੋਂ ਘਟ ਵੀ ਅਹੁਦੇਦਾਰੀ (ਲੈਸ ਨੈਕ) ਦੀ ਫੀਥੀ ਤਾਂ ਜ਼ਰੂਰ ਹੀ ਲਥ ਜਾਏਗੀ। ਬਾਊ ਜੀ ਸਾਰਾ ਦਿਨ ਘਰ ਹੀ ਰਹੇ ਅਤੇ ਨਿਤ ਦੀ ਕਿਰਿਆ ਵਾਂਗ ਪਾਠ ਸਿਮਰਨ ਵਿਚ ਜੁਟੇ ਰਹੇ।

ਅਗਲੇ ਦਿਨ ਜਦੋਂ ਇਨ੍ਹਾਂ ਨੂੰ ਕਰਨਲ ਸਾਹਿਬ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਇਨ੍ਹਾਂ ਦੇ ਟਰੁਪ-ਕੈਪਟਨ ਨੇ ਦਸਿਆ ਕਿ ਇਹ ਕਲ੍ਹ ਪ੍ਰੇਡ ਤੋਂ ਗ਼ੈਰਹਾਜ਼ਰ ਰਹੇ ਹਨ, ਜੋ ਬੜਾ ਸਖ਼ਤ ਕਸੂਰ ਹੈ। ਨਾਲ ਹੀ ਰਸਾਲੇ ਦਾ ਐਜੂਟੈਂਟ ਅਫ਼ਸਰ ਖੜਾ ਸੀ। ਉਸ ਨੇ ਕਰਨਲ ਸਾਹਿਬ ਨੂੰ ਆਖਿਆ ਕਿ ਇਹ ਹਰ ਸਨਿਚਰਵਾਰ ਨਾਰੰਗਵਾਲ ਜਾਂਦਾ ਹੈ ਤੇ ਸੋਮਵਾਰ ਲੇਟ ਆਉਂਦਾ ਹੈ। ਦੋਹਾਂ ਅਫ਼ਸਰਾਂ ਨੂੰ ਸੁਣ ਕੇ ਕਰਨਲ ਸਾਹਿਬ ਕਹਿਣ ਲੱਗੇ, 'ਮੱਲ ਸਿੰਘ, ਯਿਹ ਕਿਆ ਬਾਤ ਹੈ ?' ਬਾਊ ਜੀ ਨੇ ਉਤਰ ਦਿਤਾ, 'ਹਜ਼ੂਰ, ਮੈਂ ਪ੍ਰੇਡ ਤੋਂ ਗ਼ੈਰਹਾਜ਼ਰ ਤਾਂ ਜ਼ਰੂਰ ਹੋ ਗਿਆ ਸਾਂ, ਪਰ ਰਾਸਲੇ ਤੋਂ ਬਾਹਰ ਨਹੀਂ ਗਿਆ।' ਕਰਨਲ ਸਾਹਿਬ ਕਹਿਣ ਲੱਗੇ, 'ਅੱਛਾ ਜਾਉ, ਫਿਰ ਐਸਾ ਨਹੀਂ ਕਰਨਾ।' ਉਥੇ ਖੜੇ ਸਾਰੇ ਫ਼ੌਜੀ ਹੈਰਾਨ ਹੋ ਗਏ। ਕਿਉਂਕਿ ਸਭ ਦਾ ਖ਼ਿਆਲ ਸੀ ਕਿ ਦੋਵੇਂ ਅਫ਼ਸਰ ਸਖ਼ਤ ਉਲਟ ਬੋਲੇ ਹਨ, ਤੇ ਸਜ਼ਾ ਸਖ਼ਤ ਹੋਵੇਗੀ।

ਜਦੋਂ ਸਾਰੇ ਉਥੋਂ ਤੁਰਨ ਲੱਗੇ ਤਾਂ ਐਜੂਟੈਂਟ ਅਫ਼ਸਰ ਕਹਿਣ ਲੱਗਾ ਕਿ May I write severely reprimanded in his sheet-roll ? (ਕੀ ਮੈਂ ਇਸ ਦੀ ਸ਼ੀਟ-ਰੋਲ ਵਿੱਚ ਇਸ ਨੂੰ ਦਿੱਤੀ ਗਈ ਸਖ਼ਤ ਤਾੜਨਾ ਲਿਖ ਦਿਆ ?) ਅਗੋਂ ਕਰਨਲ ਸਾਹਿਬ ਦਾ ਜੁਆਬ ਮਿਲਿਆ, no, do not spoil his sheet-roll he is a good man, (ਨਹੀਂ, ਇਸ ਦੀ ਸ਼ੀਟ-ਰੋਲ ਖ਼ਰਾਬ ਨਾ ਕਰੋ, ਇਹ ਚੰਗਾ ਆਦਮੀ ਹੈ)।

ਫ਼ੌਜ ਦੀ ਜਨਰਲ ਪ੍ਰੇਡ ਤੋਂ ਗ਼ੈਰਹਾਜ਼ਰ ਰਹਿਣਾ ਅਤੇ ਪੇਸ਼ੀ ਸਮੇਂ ਦੋਹਾਂ ਅਫ਼ਸਰਾਂ ਦਾ ਬਿਆਨ ਵੀ ਸਖ਼ਤ ਖ਼ਿਲਾਫ ਦੇਣਾ ਕੋਈ ਮਮੂਲੀ ਘਟਨਾ ਨਹੀਂ ਸੀ, ਪਰ ਕਮਾਂਡਿੰਗ ਅਫ਼ਸਰ ਵਲੋਂ ਸਾਫ਼ ਬਰੀ ਕਰ ਦੇਣਾ, ਇਹ ਸਤਿਗੁਰਾਂ ਦੀ ਆਪਣੇ ਬਿਰਦ ਦਾ ਪਾਲਣਾ ਖ਼ਾਤਰ ਵਰਤਾਇਆ ਕ੍ਰਿਸ਼ਮਾ ਹੈ।

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥

ਆਸਾ ਮ: ੫, ਪੰਨਾ ੪੦੩

ਬਾਊ ਮੱਲ ਸਿੰਘ ਜੀ ਦੇ ਜੀਵਨ ਦੇ ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਪਹਿਲੀ ਲੜਾਈ ਦੇ ਦਿਨਾਂ ਸਮੇਂ ਦੀ ਹੈ। ਓਦੋਂ ਇਨ੍ਹਾਂ ਦਾ ਰਸਾਲਾ ਫ਼ਰਾਂਸ ਦੇ ਮੈਦਾਨਿ-ਜੰਗ ਵਿਚ ਸੀ। ਇਕ ਦਿਨ ਮਾਨਯੋਗ ਬਾਊ ਜੀ ਨੇ ਕਿਸੇ ਸਿੰਘ ਨਮਿਤ ਰਖੇ ਜਾਣ ਵਾਲੇ ਸ੍ਰੀ



www.AKJ.Org

ਅਖੰਡਪਾਠ ਦਾ ਅਰੰਭ ਕਰਾਉਣ ਜਾਣਾ ਸੀ। ਉਸ ਦਿਨ ਇਨ੍ਹਾਂ ਦੀ ਡਿਊਟੀ ਟੈਲੀਫ਼ੋਨ ਤੇ ਸੀ। ਇਨ੍ਹਾਂ ਨੇ ਕਿਸੇ ਮਿਡ-ਕਲਰਕ ਨੂੰ ਕਹਿ ਦਿਤਾ ਕਿ ਉਹ ਇਨ੍ਹਾਂ ਦੀ ਡਿਊਟੀ ਟੈਲੀਫ਼ੋਨ ਤੇ ਨਿਭਾ ਦੇਵੇ। ਆਪ ਪਾਠੀਆਂ ਵਲ ਚਲ ਗਏ। ਪਿਛੋਂ ਉਹ ਕਲਰਕ ਟੈਲੀਫ਼ੋਨ ਦੀ ਡਿਊਟੀ ਦੇਣਾ ਭੁਲ ਗਿਆ। ਟੈਲੀਫ਼ੋਨ ਡਿਊਟੀ ਤੇ ਕੋਈ ਨਾ ਹੋਣ ਕਰਕੇ ਇਨ੍ਹਾਂ ਦੀ ਗ਼ੈਰਹਾਜ਼ਰੀ ਲਗ ਗਈ। ਲੜਾਈ ਵਿਚ ਸਖ਼ਤੀ ਜ਼ਿਆਦਾ ਹੁੰਦੀ ਹੈ। ਸੋ ਇਨ੍ਹਾਂ ਦੀ ਪੇਸ਼ੀ ਹੋ ਗਈ, ਪਰ ਉਥੇ ਵੀ ਜਦੋਂ ਕਰਨਲ ਸਾਹਿਬ ਨੂੰ ਇਹ ਪਤਾ ਲਗਾ ਕਿ ਇਹ ਕਿਸੇ ਧਾਰਮਕ ਕੰਮ ਗਏ ਸਨ ਤਾਂ ਮਾਫ਼ੀ ਹੋ ਗਈ।

ਅੰਬਾਲੇ ਛਾਉਣੀ ਵਿਖੇ ਲਗਾਤਾਰ ਸਮਾਗਮਾਂ ਦੇ ਰੰਗ ਬਝਦੇ ਰਹੇ। ਇਨ੍ਹਾਂ ਸਮਾਗਮਾਂ ਦੇ ਰੰਗ ਮਾਣਦਿਆਂ ਹੋਇਆ ਬਾਊ ਜੀ ਦੀ ਮਸਤਾਨੀ ਜਿਹੀ ਦਸ਼ਾ ਹੋ ਗਈ। ਸੁਰਤੀ ਬਿਰਤੀ ਉਚ-ਮੰਡਲਾਂ ਵਿਚ ਰਹਿੰਦੀ ਸੀ, ਇਸ ਲਈ ਸਰੀਰ ਦੀ ਸੰਭਾਲ ਤੇ ਦਫ਼ਤਰ ਦੇ ਕੰਮਕਾਰ ਵੀ ਪੂਰਾ ਖ਼ਿਆਲ ਰਹਿਣਾ ਮੁਸ਼ਕਲ ਹੋ ਗਿਆ। ਸਾਰਾ ਵਕਤ ਸਿਮਰਨ ਤੇ ਹੀ ਲਗਦਾ ਸੀ।

ਹੁਣ ਬਾਊ ਜੀ ਨੂੰ 'ਸਭੁ ਪਰਵਾਰੁ ਚੜਾਇਆ ਬੇੜੈ'* ਅਨੁਸਾਰ ਬਾਕੀ ਸਾਰੇ ਵੀਰਾਂ ਦੇ ਪਰਵਾਰਾਂ ਨੂੰ ਜਹਾਜ਼ੇ ਚੜ੍ਹਾਉਣ ਦਾ ਖ਼ਿਆਲ ਆਇਆ। ਦਾਸ ਠਾਕਰ ਸਿੰਘ ਦੇ ਪਿਤਾ ਸ: ਵਰਿਆਮ ਸਿੰਘ ਜੀ ਉਨ੍ਹੀਂ ਦਿਨੀਂ ਪਿਛਲੇ ਪਿੰਡ ਸਰਲੀ (ਅੰਮ੍ਰਿਤਸਰ) ਦੀ ਜ਼ਮੀਨ ਦੀ ਸੰਭਾਲ ਕਰ ਰਹੇ ਸਨ ਅਤੇ ਬਾਕੀ ਵੀਰ ਤੇ ਉਨ੍ਹਾਂ ਦੇ ਪਰਵਾਰ ਪਿੰਡ ਸਰਲੀ-ਨਾਂਗੋਕੀ (ਲਾਇਲਪੁਰ) ਮੁਰੱਬਿਆਂ ਤੇ ਰਹਿੰਦੇ ਸਨ।

## *ਸਰਲੀ ਵਿਖੇ ਅਖੰਡ ਪਾਠ ਸਮਾਗਮ -*

ਵੀਰ ਪਰਵਾਰਾਂ ਨੂੰ ਅੰਮ੍ਰਿਤ ਛਕਾਉਣ ਦੇ ਆਸ਼ੇ ਨੂੰ ਮੁਖ ਰੱਖ ਕੇ ਬਾਊ ਜੀ ਨੇ ਪਿਛਲੇ ਪਿੰਡ ਸਰਲੀ ਵਿਖੇ ਸ੍ਰੀ ਅਖੰਡਪਾਠ ਸਮਾਗਮ ਕਰਨ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਬੇਨਤੀ ਕੀਤੀ। ਉਨ੍ਹਾਂ ਖੁਸ਼ੀ ਨਾਲ ਪਰਵਾਨ ਕਰ ਲਈ।

ਭਾਈ ਸਾਹਿਬ ਸਾਰੇ ਜਥੇ ਸਮੇਤ ਇਕ ਦਿਨ ਪਹਿਲਾਂ ਟਾਂਗਰੇ ਸਟੇਸ਼ਨ ਤੇ ਆ ਉਤਰੇ। ਅਗੋਂ ਮਾਨਯੋਗ ਬਾਊ ਜੀ ਨੰਗੇ ਪੈਰੀਂ ਸਟੇਸ਼ਨ ਤੇ ਪਹੁੰਚੇ ਹੋਏ ਸਨ। ਜਥੇ ਨੂੰ ਦੇਖਣ ਸਾਰ ਛਪਾਲ ਧੂੜੀ ਵਿਚ ਡੰਡੌਤ-ਪਰਨੇ ਲੇਟ ਗਏ। ਬਾਊ ਜੀ ਦੀ ਦਸ਼ਾ ਬਹੁਤ ਵੈਰਾਗਮਈ ਸੀ। ਜਥੇ ਦੇ ਸਾਰੇ ਸਿੰਘ ਵੀ ਉਨ੍ਹਾਂ ਦੀ ਇਹ ਦਸ਼ਾਂ ਦੇਖ ਦੇਖ ਕੇ ਵੈਰਾਗਮਈ ਉਛਾਲਿਆਂ ਵਿਚ ਆ ਰਹੇ ਸਨ। ਜਦ ਬਾਊ ਜੀ ਨੂੰ ਧੂੜੀ ਵਿਚੋਂ ਉਠਾਇਆ ਗਿਆ ਤਾਂ ਇਹ ਸ਼ਬਦ ਗਾਂਵਿਆ -

ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤਹ ਸਹ ਨਾਲੇ ॥੨॥

ਸਲੋਕ ਮ: ੫, ਪੰਨਾ ੧੪੨੫

ਟਾਂਗਰੇ ਸਟੇਸ਼ਨ ਤੇ ਚਾਰ ਘੰਟੇ ਖੜੇ-ਖੜੋਤਿਆਂ ਹੀ ਕੀਰਤਨ ਹੋਇਆ। ਬੜਾ ਅਜਬ ਰੰਗ ਬਝਾ, ਜੋ 'ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ'** ਹੈ। ਇਨ੍ਹਾਂ ਵੈਰਾਗਮਈ ਰੰਗਾਂ ਵਿਚ ਕੀਰਤਨ ਕਰਦਿਆਂ ਹੀ ਸਾਰਾ ਜਥਾ ਚਾਰ ਪੰਜ ਮੀਲ ਸਟੇਸ਼ਨ ਤੋਂ ਤੁਰ ਕੇ ਸਰਲੀ ਪੁੱਜਾ। ਅੱਗੋਂ ਸਾਰਾ ਪਿੰਡ ਅਗਵਾਈ ਲਈ ਆਇਆ ਹੋਇਆ ਸੀ। ਘਰ ਪੁੱਜ ਕੇ ਰਾਤ ਦਸ ਵਜੇ ਤਕ ਖ਼ੂਬ ਕੀਰਤਨ ਹੋਇਆ। ਬੀਬੀ ਨਿਹਾਲ ਕੌਰ ਜੀ ਵੀ ਬੱਚਿਆਂ ਸਮੇਤ ਅੰਬਾਲੇ ਤੋਂ ਸਰਲੀ ਪੁਜੇ ਹੋਏ ਸਨ। ਉਨ੍ਹਾਂ ਨੇ ਜਥੇ ਦੀ ਤੇ ਲੰਗਰ ਦੀ ਅਤੁਟ ਸੇਵਾ ਕੀਤੀ। ਇਲਾਕੇ ਦੇ ਸਾਰੇ ਗੁਰਮੁਖ ਆਏ ਹੋਏ ਸਨ। ਅਖੰਡ ਪਾਠ ਬੜੇ ਰੰਗਾਂ ਵਿਚ ਹੋਇਆ। ਲੰਗਰ ਬਿਬੇਕ ਦਾ ਚਲ ਰਿਹਾ

*ਗਉੜੀ ਕਬੀਰ ਜੀ, ਪੰਨਾ ੩੩੭

**ਸਲੋਕ ਕਬੀਰ ਜੀ, ਨੰਬਰ ੧੨੧, ਪੰਨਾ ੧੩੭੭



www.AKJ.Org

ਸੀ, ਜਿਸ ਵਿਚ ਤਿਆਰ-ਬਰ-ਤਿਆਰ ਸਿੰਘ ਹੀ ਸੇਵਾ ਕਰਦੇ ਸਨ। ਇਲਾਕੇ ਦੇ ਲੋਕ ਇਹ ਸਾਰਾ ਕੁਝ ਵੇਖ ਕੇ ਬੜੇ ਹੈਰਾਨ ਹੋਏ। ਉਨ੍ਹਾਂ ਲਈ ਇਹ ਇਕ ਅਨੋਖੀ ਗੱਲ ਸੀ, ਕਿਉਂਕਿ ਬਾਕੀ ਘਰਾ ਵਿਚ ਪਾਣੀ ਮਹਿਰੇ ਹੀ ਭਰਦੇ ਸਨ। ਦਾਸ ਖਾਲਸਾ ਕਾਲਜ ਤੋਂ ਛੁੱਟੀ ਲੈ ਕੇ ਪੁੱਜਾ ਹੋਇਆ ਸੀ। ਸਾਰੇ ਸਮਾਗਮ ਦੇ ਅਨੰਦ ਮਾਣੇ॥ ਇਹ ਜ਼ਿਕਰ ੧੯੧੩ ਈਸਵੀ ਦਾ ਹੈ। ਬੜੀਆਂ ਖੁਸ਼ੀਆਂ ਵਿਚ ਇਹ ਅਨੰਦਮਈ ਸਮਾਗਮ ਸਮਾਪਤ ਹੋਇਆ।

ਜਦੋਂ ਭਾਈ ਸਾਹਿਬ ਜੀ ਨੇ ਅਰੰਭ ਅਤੇ ਭੋਗ ਦੀ ਅਰਦਾਸ ਕਰਨ ਲਈ ਮਾਨਯੋਗ ਬਾਊ ਜੀ ਨੂੰ ਆਖਿਆ, ਤਾਂ ਅਰਦਾਸ ਵਿਚ ਉਹ ਵੈਰਾਗਮਈ ਰੰਗ ਬਝੇ, ਜੋ ਅਜ ਤਕ ਹਲੂਣਾ ਦੇ ਰਹੇ ਹਨ। ਮੈਨੂੰ ਉਹ ਅਰਦਾਸ ਅਜ ਤਕ ਭੁਲੀ ਨਹੀਂ, ਕਿਉਂ ਜੁ ਉਸ ਵਕਤ ਵੀ ਅਰਦਾਸ ਵਿਚ ਓਹ ਅਨੰਦ ਸੀ ਜੋ ਹਮੇਸ਼ਾ ਸਾਰੀ ਸੰਗਤ ਉਨ੍ਹਾਂ ਦੀ ਅਰਦਾਸ ਵਿਚ ਮਾਣਦੀ ਰਹੀ।

ਅਖੰਡ ਪਾਠ ਦੇ ਭੋਗ ਉਪਰੰਤ ਬਾਊ ਜੀ ਨੇ ਸਾਰੇ ਪਰਵਾਰ ਨੂੰ ਅੰਮ੍ਰਿਤ ਛਕਾਉਣ ਦੀ ਸਲਾਹ ਕੀਤੀ ਤਾਂ ਪਿਤਾ ਜੀ (ਭਾਈ ਵਰਿਆਮ ਸਿੰਘ) ਬੜੇ ਖੁਸ਼ ਹੋਏ ਤੇ ਕਹਿਣ ਲੱਗੇ ਕਿ ਸਾਡੇ ਵਡੇ ਭਾਗ ਹੋਣਗੇ ਕਿ ਇਹੋ ਜਿਹੇ ਗੁਰੂ-ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤਿ ਮਿਲੇ। ਓਦੋਂ ਜਥੇ ਵਿਚ ਇਹ ਲਾਜ਼ਮੀ ਕਰਾਰ ਦਿੱਤਾ ਜਾਂਦਾ ਸੀ ਕਿ ਸਾਰੇ ਅੰਮ੍ਰਿਤਧਾਰੀ ਬਿਬੇਕ ਧਾਰਨ ਕਰਨਗੇ। ਸੋ ਉਨ੍ਹਾਂ ਮਜ਼ਬੂਰੀ ਦਸਦਿਆਂ ਕਿਹਾ ਕਿ ਸਾਰਾ ਪਰਵਾਰ ਲਾਇਲਪੁਰ ਦੀ ਬਾਰ ਵਿਚ ਹੈ, ਜਿਥੇ ਪਿੰਡ ਵਿਚ ਸਿਰਫ਼ ਇਕੋ ਇਕ ਖੂਹ ਹੈ, ਜੋ ਘਰ ਤੋਂ ਬਹੁਤ ਦੂਰ ਹੈ ਅਤੇ ਜਿਸ ਦਾ ਪਾਣੀ ਘਟੋ ਘਟ ਸੌ ਫੁਟ ਡੂੰਘਾ ਹੈ। ਬਿਬੇਕ ਰੱਖਣ ਲਈ ਪਾਣੀ ਢੋਣ ਦੀ ਸੇਵਾ ਤਾਂ ਆਪ ਕਰਨੀ ਪਵੇਗੀ। ਸੋ ਕਿਰਪਾ ਕਰੋ ਤੇ ਆਗਿਆ ਦਿਓ ਕਿ ਮੈਂ ਉਥੇ ਜਾ ਕੇ ਬਾਕੀ ਵੀਰਾਂ ਤੇ ਪਰਵਾਰ ਨਾਲ ਸਲਾਹ ਕਰ ਲਵਾਂ। ਬਾਊ ਜੀ ਇਹ ਗੱਲ ਮੰਨ ਤਾਂ ਗਏ, ਪਰ ਨਾਲ ਹੀ ਇਹ ਸ਼ਰਤ ਲਾ ਦਿੱਤੀ ਕਿ ਮੇਰਾ ਪਰਵਾਰ ਨਾਲ ਤਾਂ ਹੀ ਮਿਲਾਪ ਹੋਵੇਗਾ ਜੇ ਸਾਰੇ ਤਿਆਰ-ਬਰ-ਤਿਆਰ ਬਿਬੇਕ ਰੱਖ ਕੇ ਅੰਮ੍ਰਿਤ ਪਾਨ ਕਰੋਗੇ। ਸਾਰੇ ਸਮਾਗਮ ਦੀ ਸਮਾਪਤੀ ਉਪਰੰਤ ਜਥੇ ਦੇ ਨਾਲ ਵਿਦਾ ਹੋ ਗਏ ਅਤੇ ਜਥੇ ਨੂੰ ਨਾਰੰਗਵਾਲ ਛਡ ਕੇ ਆਪ ਅੰਬਾਲੇ ਛਾਉਣੀ ਪੁਜ ਗਏ।

### *ਨਾਗੋਕੀ ਸਰਲੀ (ਲਾਇਲਪੁਰ) ਵਿਖੇ ਸਮਾਗਮ -*

ਗੁਰੂ ਕੇ ਭਾਣੇ ਵਿੱਚ ਸ੍ਰੀ ਮਾਨ ਬਾਊ ਜੀ ਵਲੋਂ ਪਰਵਾਰ ਨਾਲ ਅੰਮ੍ਰਿਤ ਛਕਣ ਤਕ ਨਾ-ਮਿਲਵਰਤਣ ਕਰਨ ਦੀ ਕਰੜਾਈ ਰੰਗ ਲਿਆਈ। ਦਾਸ ਦੇ ਪਿਤਾ ਸ੍ਰ: ਵਰਿਆਮ ਸਿੰਘ ਨੇ ਬਾਰ ਵਿਚ ਆਪਣੇ ਪਿੰਡ ਨਾਗੋਕੀ-ਸਰਲੀ ਜ਼ਿਲਾ ਲਾਇਲਪੁਰ ਵਿਚ ਪੁਜ ਕੇ ਆਪਣੇ ਪਰਵਾਰ ਨਾਲ ਸਲਾਹ ਕੀਤੀ। ਕੁਝ ਸਮੇਂ ਬਾਅਦ ਸੱਚੇ ਪਾਤਸ਼ਾਹ ਨੇ ਹਿੰਮਤ ਬਖਸ਼ੀ ਤੇ ਮਨ ਤਕੜਾ ਹੋ ਗਿਆ। ਅੰਮ੍ਰਿਤ ਛਕਣ ਲਈ ਤਿਆਰ-ਬਰ-ਤਿਆਰ ਸਜ ਕੇ ਅੰਮ੍ਰਿਤ ਦੇ ਪਾਤਰ ਬਣਨ ਲਈ ਕਮਰਕਸੇ ਕਰ ਲਏ। ਪਿਤਾ ਜੀ ਨੇ ਆਪਣੇ ਛੋਟੇ ਵੀਰ ਬਾਊ ਮੱਲ ਸਿੰਘ ਜੀ ਨੂੰ ਚਿੱਠੀ ਲਿਖੀ, 'ਵੀਰ ਜੀ, ਅਸੀਂ ਸਾਰਾ ਪਰਵਾਰ ਅੰਮ੍ਰਿਤ ਛਕਣ ਲਈ ਬਿਲਕੁਲ ਤਿਆਰ ਹਾਂ। ਮਨ ਪੱਕਾ ਹੋ ਗਿਆ ਹੈ ਤੇ ਆਪਣੀ ਏਹੜ-ਤੇਹੜ ਛਡ ਬੈਠਾ ਹੈ ਅਤੇ ਹੁਣ ਗੁਰੂ ਦੀ ਕਿਰਪਾ ਨਾਲ ਸਾਰੀ ਢਿਲਮੱਠ ਮੁਕ ਗਈ ਹੈ। ਆਪ ਜੀ ਕਿਰਪਾ ਕਰੋ ਤੇ ਗੁਰਮੁਖ ਪਿਆਰਿਆਂ ਦੇ ਜਥੇ ਸਮੇਤ ਦਰਸ਼ਨ ਬਖ਼ਸ਼ੋ। ਜੇ ਤੁਸੀਂ ਨਾ ਆਏ ਅਤੇ ਗੁਰੂ-ਭਾਣੇ ਵਿਚ ਜੇ ਸਰੀਰ ਬਿਨਸ ਜਾਏ ਤਾਂ ਇਸ ਦੀ ਜ਼ਿੰਮੇਂਵਾਰੀ ਆਪ ਜੀ ਦੀ ਹੋਵੇਗੀ।'

ਪੱਤਰ ਪੁੱਜਣ ਤੇ ਮਾਨਯੋਗ ਬਾਊ ਜੀ ਨੇ ਭਾਈ ਸਾਹਿਬ ਪਾਸ ਨਾਰੰਗਵਾਲ ਪੁਜ ਕੇ ਬੇਨਤੀ ਕੀਤੀ ਕਿ ਦਾਸ ਦੇ ਵੀਰ-ਪਰਵਾਰ ਤੇ ਬਖਸ਼ਸ਼ ਕਰੋ ਅਤੇ ਬਾਰ ਵਿਚ ਪੁਜ ਕੇ ਸਮਾਗਮ ਰਚੋ ਤੇ ਪਰਵਾਰ ਨੂੰ ਜਹਾਜ਼ੇ ਚੜ੍ਹਾਓ। ਪ੍ਰੇਮ-ਕੁਠੀਆਂ ਰੂਹਾਂ ਦੇ ਪ੍ਰੇਮ-ਉਛਾਲਿਆਂ ਅਗੇ ਕੌਣ ਹੁਤ ਕਰੇ। ਭਾਈ ਸਾਹਿਬ ਜੀ ਖ਼ੁਸ਼ੀ ਨਾਲ ਪਰਵਾਨਗੀ ਦੇ ਦਿੱਤੀ। ਸਮਾਗਮ ਦੀਆਂ ਤਰੀਕਾਂ ਮਿਥ ਲਈਆਂ ਗਈਆਂ। ਮਿਥੇ ਸਮੇਂ ਤੇ ਬਾਊ ਜੀ, ਸ੍ਰੀਮਾਨ ਭਾਈ ਸਾਹਿਬ ਤੇ ਸਾਰਾ ਜਥਾ ਨਾਲ ਲੈ ਕੇ ਨਾਗੋਕੀ-ਸਰਲੀ ਪੁਜ ਗਏ। ਜਥੇ ਨੇ ਪਿੰਡ ਤੋਂ ਤਕਰੀਬਨ ਅੱਧਾ ਮੀਲ ਦੂਰੀ ਤੋਂ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਅਗਲੇ ਪਾਸੇ ਵੀ ਪਿੰਡ ਦੀ ਸੰਗਤ ਕੀਰਤਨ ਕਰਦੀ ਉਡੀਕ



www.AKJ.Org

ਰਹੀ ਸੀ। ਇਹ ਸ਼ਬਦ ਪੜ੍ਹਿਆ ਜਾ ਰਿਹਾ ਸੀ-

ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥੩॥੧੯॥ (ਪੰਨਾ ੪੪੯)

ਪਿੰਡ ਦੀ ਚੜ੍ਹਦੀ ਗੁੱਠੇ ਮਿਲਾਪ ਹੋਇਆ, ਜਿਥੇ ਦੋਵੇਂ ਜਥੇ ਆਮ੍ਹੋ ਸਾਹਮਣੇ ਕਿੰਨਾ ਚਿਰ ਕੀਰਤਨ ਕਰਦੇ ਰਹੇ, ਤੇ ਫਿਰ ਘਰ ਪੁਜ ਗਏ। ਇਲਾਕੇ ਵਿਚ ਇਹ ਖ਼ਬਰ ਪੁੱਜਣ ਨਾਲ ਸੰਗਤਾਂ ਵਿਚ ਉਤਸ਼ਾਹ ਜਾਗ ਪਿਆ। ਸਾਰੇ ਸਮਾਗਮ ਵਿਚ ਬੇਅੰਤ ਸੰਗਤਾਂ ਦਰਸ਼ਨ ਦਿੰਦੀਆਂ ਰਹੀਆਂ। ਸ੍ਰੀ ਅਖੰਡ ਪਾਠ ਦਾ ਇਹ ਸਮਾਗਮ ਇਲਾਕੇ ਦਾ ਇਕ ਵੱਡਾ ਦੀਵਾਨ ਹੀ ਬਣ ਗਿਆ। ਅਖੰਡ ਪਾਠ ਦੇ ਨਾਲ ਸਰਬ ਲੋਹੀ ਬਿਬੇਕ ਦਾ ਲੰਗਰ, ਸਮਾਗਮ ਨੂੰ ਬੜਾ ਰੰਗ ਲਾ ਰਿਹਾ ਸੀ। ਘਰ ਵਾਲੇ ਤੇ ਇਲਾਕੇ ਦੇ ਹੋਰ ਪ੍ਰੇਮੀ ਸੇਵਾ ਵਿਚ ਲੱਕ ਬੰਨ੍ਹ ਕੇ ਜੁਟੇ ਹੋਏ ਸਨ।

ਸ੍ਰੀ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਰਖਿਆ ਗਿਆ ਅਤੇ ਭੋਗ ਪਿਛੋ ਫਿਰ ਵਾਰ ਦਾ ਕੀਰਤਨ ਹੋਇਆ, ਜਿਸ ਦਾ ਭੋਗ ਦੁਪਹਿਰ ਪਿਛੋਂ ਪਿਆ ਤੇ ਅੰਮ੍ਰਿਤ-ਸੰਚਾਰ ਸ਼ੁਰੂ ਹੋ ਗਿਆ। ਪੰਜਾਂ ਪਿਆਰਿਆਂ ਵਿਚ ਸ੍ਰੀ ਮਾਨ ਭਾਈ ਸਾਹਿਬ, ਮਾਨਯੋਗ ਬਾਊ ਜੀ, ਭਾਈ ਅਤਰ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ ਤੇ ਭਾਈ ਸੁਰਜਨ ਸਿੰਘ ਜੀ ਸ਼ਾਮਲ ਹੋਏ। ਆਪਣੇ ਪਰਵਾਰ ਤੋਂ ਇਲਾਵਾ ਡਾਕਟਰ ਗੁਰਬਖਸ਼ ਸਿੰਘ ਜੀ ਰਾਵਲਪਿੰਡੀ ਵਾਲੇ, ਜੋ ਇਥੇ ਸਰਕਾਰੀ ਹਸਪਤਾਲ ਵਿਚ ਡਾਕਟਰ ਸਨ, ਤੇ ਉਨ੍ਹਾਂ ਦਾ ਪਰਵਾਰ, ਭਾਈ ਤ੍ਰਿਪਤ ਸਿੰਘ ਜੀ, ਜੋ ਪਿਛੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ, ਪਰਵਾਰ ਸਮੇਤ ਅਤੇ ਇਲਾਕੇ ਦੇ ਹੋਰ ਉਘੇ ਪਰਵਾਰਾਂ ਨੇ ਅੰਮ੍ਰਿਤ ਪਾਨ ਕੀਤਾ। ਸਾਰੇ ਸਮਾਗਮਾਂ ਦੇ ਭੋਗ ਪੈਣ ਤੇ ਜਥਾ ਬੜੀ ਨਿਰਾਲੀ ਸ਼ਾਨ ਨਾਲ ਪਿੰਡ ਤੋਂ ਬਾਹਰ ਇਕ ਮੀਲ ਤਕ ਕੀਰਤਨ ਕਰਦਾ ਹੋਇਆ ਵਿੱਦਾ ਹੋਇਆ। ਉਦੋਂ ਦਾ ਇਹ ਸ਼ਬਦ ਅਜੇ ਵੀ ਕੰਨਾਂ ਵਿਚ ਗੂੰਜਾਂ ਗੂੰਜਾਉਂਦਾ ਹੈ। ਸ਼ਬਦ ਸੀ -

ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥
ਬੀਰ ਚਲੇ ਘਰਿ ਆਪਣੇ ਬਹਿਣ ਬਿਰਹਿ ਜਲਿ ਜਾਇ ॥੪੦॥
(ਓਅੰਕਾਰ, ਰਾਮਕਲੀ ਮ: ੧, ਪੰਨਾ ੯੩੫)

ਜਥੇ ਨੂੰ ਅਬਾਸਪੁਰ ਸਟੇਸ਼ਨ ਤੇ ਗਡੀ-ਸਵਾਰ ਕਰ ਕੇ, ਉਨ੍ਹਾਂ ਦੀਆਂ ਖੁਸ਼ੀਆਂ ਲੈਂਦੇ ਹੋਏ ਮਾਨਯੋਗ ਬਾਊ ਜੀ, ਪਿਤਾ ਜੀ ਤੇ ਦਾਸ ਵਾਪਸ ਪਿੰਡ ਪੁਜ ਗਏ। ਇਸ ਗੁਰਮਤਿ ਸਮਾਗਮ ਦੀ ਸਾਰੇ ਇਲਾਕੇ ਵਿਚ ਧੁੰਮ ਪੈ ਗਈ ਤੇ ਬੜੀ ਮਹਿਮਾ ਹੋਈ। ਇਹ ਸਮਾਗਮ ੧੯੧੪ ਈਸਵੀ ਵਿਚ ਹੋਇਆ ਸੀ।

ਡਾਕਟਰ ਗੁਰਬਖਸ਼ ਸਿੰਘ ਜੀ ਓਹੋ ਹੀ ਗੁਰਮੁਖ ਡਾਕਟਰ ਸਨ, ਜੋ ਲਾਇਲਪੁਰ ਤੋਂ ਬਦਲ ਕੇ ੧੯੨੮ ਵਿਚ ਰਾਵਲਪਿੰਡੀ ਸ਼ਹਿਰ ਵਿਚ ਜਾ ਲਗੇ ਸਨ। ਇਨ੍ਹਾਂ ਦੇ ਉਪਰਾਲੇ ਸਦਕਾ ਹੀ ਬਾਊ ਜੀ, ਸਣੇ ਜਥੇ ਦੇ ਰਾਵਲਪਿੰਡੀ ਪੁਜ ਕੇ ਗੁਰਮਤਿ ਸਮਾਗਮ ਕਰਦੇ ਰਹੇ। ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਤਦੋਂ ਅਜੇ ਜੇਲ੍ਹ-ਯਾਤਰਾ ਹੀ ਕਰ ਰਹੇ ਸਨ। ੧੯੩੦ ਵਿਚ ਜੇਲ੍ਹ ਤੋਂ ਰਿਹਾ ਹੋਣ ਪਿਛੋਂ ਰਾਵਲਪਿੰਡੀ ਦੇ ਸਮਾਗਮਾਂ ਵਿਚ ਭਾਈ ਸਾਹਿਬ ਜੀ ਵੀ ਜਥੇ ਨਾਲ ਸ਼ਾਮਲ ਹੁੰਦੇ ਰਹੇ।

ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਪਿਤਾ ਜੀ ਨੂੰ ਗਜ ਗਜ ਲਾਲੀਆਂ ਚੜ੍ਹ ਗਈਆਂ। ਆਪ ਜੀ ਨੇ ਸਾਰੇ ਪਰਵਾਰ ਲਈ ਬਿਬੇਕ ਦਾ ਜਲ ਢੋਣ ਦੀ ਸੇਵਾ ਆਪਣੇ ਜ਼ਿੰਮੇ ਲੈ ਲਈ। ਖੂਹ ਚੋਂ ਜਲ ਕੱਢਣ ਲਈ ਲੱਜ, ਪੀਪਾ ਤੇ ਵਹਿੰਗੀ ਬਣਵਾ ਲਈ ਅਤੇ ੧੪ ਸਾਲ ਸਾਰੇ ਪਰਵਾਰ ਲਈ ਜਲ ਢੋਣ ਦੀ ਸੇਵਾ ਕੀਤੀ। ਇਹ ਦਾਤਾ ਜੀ ਦੀ ਬਖ਼ਸ਼ਸ਼ ਸੀ। ਫਿਰ ਘਰ ਵਿਚ ਹੀ ਖੂਹੀ ਲਗਵਾ ਲਈ ਤੇ ਸਾਰਾ ਕੰਮ ਠੀਕ ਹੋ ਗਿਆ

(ਚਲਦਾ ਹੈ)



www.AKJ.Org

# ਅਵਰੁਉਪਾਉਨਕੋਈਸੂਝੈ ਨਾਨਕਤਰੀਐਗੁਰਬਚਨੀ (੧੧੯੬)

ਕਲਗੀਧਰ ਸੱਚੇ ਪਾਤਸ਼ਾਹ ਜੀ ਦੇ ਸਮੇਂ ਜਦ ਅਨੰਦਪੁਰ ਸਾਹਿਬ ਦਾ ਕਿਲ੍ਹਾ ਦੁਸ਼ਮਨਾਂ ਦੇ ਘੇਰੇ ਵਿਚ ਸੀ ਤਾਂ ਬਾਹਰੋਂ ਰਸਦ ਆਉਣ ਦੇ ਸਭ ਰਸਤੇ ਬੰਦ ਹੋ ਗਏ। ਜੋ ਖਾਣ ਪੀਣ ਦਾ ਸਾਮਾਨ ਕਿਲ੍ਹੇ ਵਿਚ ਮੌਜੂਦ ਸੀ, ਉਸ ਨਾਲ ਬਹੁਤ ਲੰਮਾ ਸਮਾਂ ਬਤੀਤ ਨਾ ਹੋ ਸਕਿਆ। ਭੁੱਖ ਨੇ ਸਿੰਘਾਂ ਨੂੰ ਬੜਾ ਪ੍ਰੇਸ਼ਾਨ ਕੀਤਾ। ਕਿਲ੍ਹੇ ਵਿਚ ਮੌਜੂਦ ਦਰੱਖ਼ਤਾਂ ਦੇ ਪੱਤੇ ਅਤੇ ਛਿਲਕੇ ਆਦਿ ਭੀ ਜ਼ਿਆਦਾ ਮਦਦ ਨਾ ਕਰ ਸਕੇ। ਆਖ਼ਰ ਭੁੱਖ ਤੋਂ ਤੰਗ ਆ ਕੇ ਚਾਲ੍ਹੀ ਸਿੰਘਾਂ ਨੇ ਕਲਗੀਧਰ ਜੀ ਪਾਸੋਂ ਘਰਾਂ ਨੂੰ ਆ ਜਾਣ ਦੀ ਆਗਿਆ ਮੰਗੀ। ਸੱਚੇ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਕੁਝ ਹੋਰ ਸਮਾਂ ਰੁਕ ਜਾਣ ਲਈ ਕਿਹਾ। ਇਨ੍ਹਾਂ ਸਿੰਘਾਂ ਨੇ ਆਪਣੇ ਸੁਖ ਨੂੰ ਮੁਖ ਰੱਖ ਕੇ ਗੁਰੂ ਸਾਹਿਬ ਜੀ ਦਾ ਬਚਨ ਨਾ ਮੰਨਿਆ। ਅਤੇ ਆਪ-ਹੁਦਰਤਾ ਵਿਚ ਗੁਰੂ ਜੀ ਨੂੰ ਅਤੇ ਬਾਕੀ ਸਿੰਘਾਂ ਨੂੰ ਪਿਛੇ ਛਡਿ, ਘਰਾਂ ਨੂੰ ਪਰਤ ਜਾਣ ਦਾ ਪੱਕਾ ਫੈਸਲਾ ਕਰ ਲਿਆ।

(੨) ਇਨ੍ਹਾਂ ਦਾ ਇਰਾਦਾ ਤੱਕ ਕੇ ਗੁਰੂ ਸਾਹਿਬ ਜੀ ਨੇ ਇਨ੍ਹਾਂ ਨੂੰ ਕਿਹਾ ਕਿ 'ਜੇ ਤੁਸੀਂ ਜਾਣਾ ਹੀ ਹੈ ਅਤੇ ਸਾਡਾ ਬਚਨ ਨਹੀਂ ਮੰਨਣਾ ਤਾਂ ਤੁਸੀਂ ਸਾਨੂੰ ਬਿਦਾਵਾ ਲਿਖ ਕੇ ਦੇ ਜਾਓ ਕਿ 'ਤੁਸੀਂ ਸਾਡੇ ਗੁਰੂ ਨਹੀਂ ਅਤੇ ਅਸੀਂ ਤੁਹਾਡੇ ਸਿੱਖ ਨਹੀਂ।' ਤਾਂ ਇਨ੍ਹਾਂ ਚਾਲ੍ਹੀਆਂ ਨੇ ਭੁੱਖ ਤੋਂ ਮਜ਼ਬੂਰ ਹੋ ਕੇ, ਦੁਨੀਆਵੀ ਸੁਖਾਂ ਨੂੰ ਮੁੱਖ ਰਖਦਿਆਂ ਹੋਇਆ, ਗੁਰੂ ਜੀ ਨੂੰ ਬਿਦਾਵਾ ਲਿਖ ਕੇ ਦੇ ਦਿੱਤਾ ਅਤੇ ਕਿਲ੍ਹਾ ਛੱਡ ਘਰਾਂ ਨੂੰ ਪਰਤ ਆਏ। ਇਨ੍ਹਾਂ ਨੂੰ, ਬਿਦਾਵਾ ਲਿਖ ਕੇ ਦੇਣ ਲਗਿਆਂ ਨੂੰ, ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ (Personality) ਬਾਰੇ ਇਹ ਖ਼ਿਆਲ ਨਾ ਆਇਆ ਕਿ ਉਹ ਤਾਂ **'ਅਮਰੁਵੇਪਰਵਾਹੁਹੈਤਿਸੁਨਾਲਿ ਸਿਆਣਪਨਚਲਈਨਹੁਜਤਿਕਰਣੀਜਾਇ॥'** ਉਸ ਨਾਲ ਤਾਂ **'ਆਪੁਛੋਡਿਸਰਣਾਇਪਵੈਮੰਨਿਲਏਰਜਾਇ'** (੧੨੫੦-੫੧) ਵਾਲਾ ਸਤਿਕਾਰ ਹੀ ਕਰਨਾ ਬਣ ਆਉਂਦਾ ਹੈ। ਪਰ ਇਹ ਚਾਲੀ ਆਪਣੀ ਮਤਿ ਨੂੰ ਠੀਕ ਸਮਝ ਕੇ ਅਨੰਦ-ਪੁਰੀ ਛੱਡ ਆਏ।

(੩) ਜਦ ਇਹ ਚਾਲੀ, ਮਾਝੇ ਦੇਸ ਵਿਚ ਪਹੁੰਚ ਕੇ ਮਾਈ ਭਾਗ ਕੌਰ ਜੀ ਨੂੰ ਮਿਲੇ ਤਾਂ ਮਾਤਾ ਜੀ ਨੇ ਇਨ੍ਹਾਂ ਪਾਸੋਂ ਕਲਗੀਧਰ ਪਾਤਸ਼ਾਹ ਜੀ ਦੀ ਸੁੱਖ ਸਾਂਦ ਪੁੱਛੀ ਅਤੇ ਇਨ੍ਹਾਂ ਪਾਸੋਂ ਸਾਰਾ ਹਾਲ ਸੁਣਿਆ। ਮਾਤਾ ਜੀ ਤਾਂ ਗੁਰਸਿਖੀ ਪਿਆਰ ਦੇ ਨਮੂਨੇ ਸਨ। ਹਾਲ ਸੁਣ ਕੇ ਉਨ੍ਹਾਂ ਦੀ ਆਤਮਾ ਬੜੀ ਦੁਖੀ ਹੋਈ। ਮਾਤਾ ਜੀ ਨੇ ਇਨ੍ਹਾਂ ਨੂੰ ਬਹੁਤ ਲਾਅਨਤਾਂ ਪਾਈਆਂ ਅਤੇ ਕਿਹਾ ਕਿ 'ਜਿਸ ਜਾਨ ਨੂੰ ਭੁੱਖ ਤੋਂ ਬਚਾਉਣ ਲਈ ਗੁਰੂ ਤੋਂ ਬੇ-ਮੁਖ ਹੋ ਆਏ ਜੇ, ਇਸ ਨੂੰ ਕਿਤਨੀ ਕੁ ਦੇਰ ਤੱਕ ਬਚਾਈ ਰਖੋਗੇ? ਅੰਤ ਨੂੰ ਇਹ ਪੰਜ-ਭੂਤਕੀ ਚੋਲਾ ਛੱਡਣਾ ਹੈ, ਫਿਰ ਤੁਹਾਡਾ ਕੌਣ ਸਹਾਈ ਹੋਵੇਗਾ? ਤੁਹਾਨੂੰ ਗੁਰੂ ਤੋਂ ਵਿਛੜਿਆਂ ਨੂੰ ਹਰਿ ਦਰਗਹਿ ਢੋਈ ਕੌਣ ਦੇਵੇਗਾ? ਤੁਹਾਡਾ ਚੁਰਾਸੀ ਦਾ ਗੇੜ ਮੁੱਕ ਨਹੀਂ ਪਏਗਾ। ਇਨ੍ਹਾਂ ਵਿਚਾਰਿਆਂ ਨੂੰ ਸ਼ਾਇਦ ਇਹ ਖ਼ਿਆਲ ਨਹੀਂ ਸੀ ਆਇਆ ਕਿ (ਜੋ) **'ਕੋਈਵਿਛੁੜਿਜਾਇਸਤਿਗੁਰੂਪਾਸਹੁਤਿਸੁਕਾਲਾਮੁਹੁਜਮਿਮਾਰਿਆ'** (੩੧੨)॥ ਤੁਸਾਂ ਗੁਰੂ ਨੂੰ ਪਿੱਠ ਦੇ ਕੇ ਆਉਣ ਵਾਲਾ ਬਹੁਤ ਹੀ ਮਾੜਾ ਕੰਮ ਕੀਤਾ ਹੈ। ਤੁਸਾਡਾ ਭਲਾ ਇਸ ਵਿਚ ਹੀ ਹੈ ਕਿ ਵਾਪਸ ਸਤਿਗੁਰਾਂ ਦੀ ਚਰਨੀਂ ਜਾਏ ਪਵੋ ਅਤੇ ਆਪਣੀ ਭੁੱਲ ਬਖਸ਼ਵਾ ਲਵੋ। ਚਲੋ, ਮੈਂ ਭੀ ਤੁਹਾਡੇ ਨਾਲ ਚੱਲਦੀ ਹਾਂ।'

(੪) ਮਾਤਾ ਜੀ ਦੇ ਦ੍ਰਿੜ੍ਹ-ਵਿਸ਼ਵਾਸੀ ਬਚਨ ਸੁਣ ਕੇ ਇਨ੍ਹਾਂ ਸਿੰਘਾਂ ਨੂੰ ਆਤਮਕ ਹਲੂਣਾ ਮਿਲਿਆ, ਆਪਣੀ ਕੀਤੀ ਭੁੱਲ ਉਤੇ ਪਸਚਾਤਾਪ ਸ਼ੁਰੂ ਹੋ ਗਿਆ, ਇਨ੍ਹਾਂ ਦੀ ਹੋਸ਼ ਮੁੜ ਆਪਣੇ ਠਿਕਾਣੇ ਆ ਗਈ ਅਤੇ ਇਹ ਸਾਰੇ ਪਾਤਸ਼ਾਹ ਜੀ ਦੀ ਚਰਨੀਂ



www.AKJ.Org

ਲੱਗਣ ਲਈ ਮੁੜ ਤਿਆਰ ਹੋ ਗਏ। ਵਾਪਸ ਮੁੜਿਆਂ ਜਾਂਦਿਆਂ ਦੀ, ਮੁਕਤਸਰ ਸਾਹਿਬ ਦੀ ਪਾਵਨ ਧਰਤੀ ਉਤੇ, ਗੁਰੂ ਸਾਹਿਬ ਜੀ ਦਾ ਪਿੱਛਾ ਕਰੀਂ ਆਉਂਦੀ ਮੁਗਲ ਫ਼ੌਜ ਦੇ ਇਕ ਦਸਤੇ ਨਾਲ ਮੁੱਠ-ਭੇੜ ਹੋ ਗਈ। ਇਹ ਸਿੰਘ ਅਤੇ ਮਾਤਾ ਭਾਗ ਕੌਰ ਜੀ ਜਾਨ ਤੋੜ ਕੇ ਲੜੇ। ਫ਼ੌਜੀ ਦਸਤਾ ਵਾਪਸ ਪਰਤ ਗਿਆ।

(੫) ਗੁਰੂ ਸਾਹਿਬ ਭੀ ਇੱਕ ਟਿੱਬੀ ਉਤੇ ਇਹ ਜੰਗ ਦੇਖ ਰਹੇ ਸਨ ਅਤੇ ਸਿੰਘਾਂ ਦੀ ਸਹਾਇਤਾ ਵਿਚ ਸਿੰਨ੍ਹ ਸਿੰਨ੍ਹ ਕੇ ਤੀਰ ਚਲਾ ਰਹੇ ਸਨ। ਲੜਾਈ ਪਿੱਛੋਂ ਜ਼ਖਮੀ ਅਤੇ ਸ਼ਹੀਦ ਸਿੰਘਾਂ ਦੀ ਸੰਭਾਲ ਲਈ ਗੁਰੂ ਜੀ ਮੌਕਿਆਂ ਉਤੇ ਪੁੱਜੇ। ਸ਼ਹੀਦ ਸਿੰਘਾਂ ਨੂੰ ਵਾਰੀ ਵਾਰੀ ਵਰ ਦੇਂਦੇ ਹੋਏ (੩੯ ਸਿੰਘ ਸ਼ਹੀਦ ਹੋ ਚੁੱਕੇ ਸਨ) ਭਾਈ ਮਹਾਂ ਸਿੰਘ ਜੀ ਪਾਸ (ਜੋ ਅਜੇ ਸਹਿਕ ਰਹੇ ਸਨ) ਪਹੁੰਚੇ ਅਤੇ ਕਹਿਓ ਨੇ, 'ਸਿੰਘਾ, ਅਸੀਂ ਤੇਰੇ ਤੇ ਨਿਹਾਲ ਹਾਂ। ਮੰਗ ਕੀ ਮੰਗਦਾ ਹੈਂ ?' ਤਾਂ ਭਾਈ ਮਹਾਂ ਸਿੰਘ ਜੀ ਬੋਲੇ, 'ਮੇਰੇ ਨਾਲ ਦੇ ਸਿੰਘਾਂ ਦੀਆਂ ਰੂਹਾਂ ਭਟਕ ਰਹੀਆਂ ਹਨ, ਉਨ੍ਹਾਂ ਨੂੰ ਦਰਗਾਹੇ ਢੋਈ ਨਹੀਂ ਮਿਲ ਰਹੀ। ਆਪ ਜੀ ਦਾ ਬਚਨ ਨਾ ਮੰਨਣ ਕਰਕ ਇਸ ਨੌਬਤ ਨੂੰ ਪਹੁੰਚੇ ਹਾਂ। ਆਪ ਜੀ ਕਿਰਪਾ ਕਰਕੇ ਸਾਨੂੰ ਮੁਆਫ਼ ਕਰ ਦਿਉ ਅਤੇ ਸਾਡੀ ਬਾਂਹ ਫੜ ਲਉ।' ਤਾਂ ਗੁਰੂ ਜੀ ਨੇ ਆਪਣੀ ਜੇਬ ਵਿਚੋਂ ਬਿਦਾਵੇ ਵਾਲਾ ਕਾਗਜ਼ ਕੱਢ ਕੇ ਭਾਈ ਮਹਾਂ ਸਿੰਘ ਜੀ ਦੇ ਸਾਹਮਣੇ ਫਾੜ ਕੇ ਇਨ੍ਹਾਂ ਚਾਲੀਆਂ ਦੀ ਟੁੱਟੀ ਗੰਢ ਲਈ, ਅਤੇ ਇਨ੍ਹਾਂ ਨੂੰ ਚਾਲੀ ਮੁਕਤੇ ਦਾ ਖ਼ਿਤਾਬ ਦਿੱਤਾ। ਤਾਂ ਤੁਰੰਤ ਹੀ ਭਾਈ ਮਹਾਂ ਸਿੰਘ ਜੀ ਭੀ ਆਪਣੇ ਨੇਤਰਾਂ ਦੁਆਰਾ ਗੁਰ-ਚਰਨਾਂ ਨੂੰ ਗਲਵੱਕੜੀ ਪਾ ਕੇ ਸਦੀਵੀਂ ਨੀਂਦ ਸੌਂ ਗਏ।

(੬) ਆਮ ਪਰਚਾਰਕਾਂ ਦਾ ਇਹ ਪ੍ਰਸੰਗ ਨੂੰ ਸੁਣਾਉਣ ਦਾ ਮਨੋਰਥ ਇਹ ਦੱਸਣ ਦਾ ਹੁੰਦਾ ਹੈ ਕਿ ਗੁਰੂ ਸਾਹਿਬ ਬੜੇ ਕਿਰਪਾਲੂ ਹਨ, ਸ਼ਰਨ ਆਇਆ ਦੀ ਲਾਜ ਰੱਖਣਹਾਰ ਹਨ ਅਤੇ ਟੁੱਟੀ ਗੰਢਣਹਾਰ ਹਨ। ਗੁਰੂ ਸਾਹਿਬ ਜੀ ਦੀ ਵਡਿਆਈ ਤਾਂ ਗੁਰੂ ਸਾਹਿਬ ਜੀ ਦੇ ਹਰ ਚੋਜ ਵਿਚ ਪਰਗਟ-ਪਹਾਰੇ ਅਪਰ ਅਪਾਰ ਨਜ਼ਰ ਆਉਂਦੀ ਹੈ। ਉਹ ਤਾਂ ਹਨ ਹੀ ਮਹਾਂ ਦਇਆਲੂ ਅਤੇ ਬਖਸ਼ਿੰਦ। ਜੋ ਭੀ (ਭਾਵੇਂ ਕਿਤਨਾ ਹੀ ਪਾਪੀ ਕਿਉਂ ਨਾ ਹੋਵੇ) ਗੁਰੂ ਜੀ ਦੀ ਸ਼ਰਨੀ ਆ ਪੈਂਦਾ ਹੈ, ਗੁਰੂ ਜੀ ਉਸ ਨੂੰ ਬਖਸ਼ ਦੇਂਦੇ ਹਨ। ਪਰ ਅਸਾਂ ਬਿਦਾਵੇ ਵਾਲੇ ਪ੍ਰਸੰਗ ਦਾ ਇਕ ਹੋਰ ਪਹਿਲੂ ਵੀਚਾਰਨਾ ਹੈ, ਜੋ ਜ਼ਿਆਦਾ ਧਿਆਨ ਦੇਣ ਯੋਗ ਹੈ।

(੭) ਗੁਰੂ ਜੀ ਦੀ ਮਰਜ਼ੀ ਨਾਲ ਚੱਲਣ ਦੇ ਲਾਭ ਨੂੰ ਅਤੇ ਆਪਣੀ ਮਨ-ਮਰਜ਼ੀ ਨਾਲ ਚੱਲਣ ਦੇ ਘਾਟੇ ਨੂੰ, ਸਾਰੇ ਜਗਤ ਨੂੰ ਸਪੱਸ਼ਟ ਤੌਰ ਤੇ ਦੱਸਣ ਲਈ, ਗੁਰੂ ਜੀ ਨੇ ਪਰਲੇ ਦਰਜੇ ਦੇ ਕਸ਼ਟ ਸਹਾਰ ਕੇ, ਸਾਰਾ ਸਰਬੰਸ ਵਾਰ ਕੇ, ਬਿਅੰਤ ਹੀਰੇ ਸਿੰਘਾਂ ਦੀਆਂ ਸ਼ਹੀਦੀਆਂ ਦੇ ਕੇ, ਇਹ ਬਿਦਾਵੇ ਵਾਲਾ ਪ੍ਰਸੰਗ ਰਚਿਆ, ਤਾਂ ਜੁ ਸੰਸਾਰ ਇਸ ਨੂੰ ਭੁੱਲ ਨਾ ਜਾਏ। ਇਹ ਪਵਿੱਤਰ ਖ਼ੂਨ ਨਾਲ ਲਿਖਿਆ ਹੋਇਆ ਸਾਕਾ, ਪੜ੍ਹ ਸੁਣ ਕੇ ਵਾਹਵਾ ਵਾਹਵਾ ਕਰਨ ਲਈ ਜਾਂ ਕਿਸੇ ਸ਼ਰੇਣੀ ਉਤੇ ਰੋਸ ਕਰਨ ਲਈ ਨਹੀਂ ਹੈ। ਇਹ ਪ੍ਰਸੰਗ ਤਾਂ ਸਾਡੇ ਲਈ ਅਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ, (ਰਹਿੰਦੀ ਦੁਨੀਆਂ ਤੱਕ) ਆਪਣਾ ਬਚਾਅ ਕਰਨ ਹਿਤ (ਮਾਨਸ ਜਨਮ ਦਾ ਅਸਲੀ ਮੰਤਵ ਪੂਰਾ ਕਰਨ ਹਿਤ) ਭਾਵ ਕਿ, ਹਰਿ ਦਰਗਹਿ ਪਤ ਸਿਉਂ ਜਾਣ ਦੀ ਸੋਝੀ ਪਾਉਣ ਹਿਤ ਸਤਿਗੁਰੂ ਜੀ ਨੇ ਰਚਿਆ ਹੈ। ਇਹ ਬਿਦਾਵੇ ਵਾਲਾ ਸਾਕਾ, ਖਾਲਸੇ ਦਾ ਹੱਡ-ਬੀਤੀ ਸਾਕਾ, ਪਵਿੱਤਰ ਖ਼ੂਨ ਨਾਲ ਰੰਗਿਆ ਹੋਇਆ ਸਾਕਾ, ਬਿਅੰਤ ਸੰਤਾਂ ਭਗਤਾਂ ਦੀਆਂ ਸ਼ਹੀਦੀਆਂ ਨਾਲ ਸ਼ਿੰਗਾਰਿਆ ਹੋਇਆ ਸਾਕਾ, ਕਲਗੀਧਰ ਪਾਤਸ਼ਾਹ ਜੀ ਦਾ ਇਕ ਖ਼ਾਸੁਲ ਖ਼ਾਸ, ਸਬਕ-ਆਮੋਜ਼ ਅਤੇ ਕਦੇ ਨਾ ਭੁੱਲਣ ਵਾਲਾ ਇਤਿਹਾਸਕ-ਚੋਜੀ-ਹੁਕਮਨਾਮਾ ਹੈ। ਉਹ ਕਿਵੇਂ ?

(੮) ਇਹ ਪ੍ਰਸੰਗ (ਹੁਕਮਨਾਮਾ) ਸਾਨੂੰ ਖ਼ਬਰਦਾਰ ਕਰਦਾ ਹੈ ਅਤੇ ਚੁਰਾਸੀ ਤੋਂ ਬਚਣ ਦਾ ਰਸਤਾ ਦੱਸਦਾ ਹੈ। ਉਹ ਰਸਤਾ ਇਹ ਹੈ ਕਿ ਗੁਰੂ ਅਨੁਸਾਰੀ ਹੋਣਾ ਅਤੇ ਜੀਵਨ ਭਰ ਗੁਰੂ ਅਨੁਸਾਰੀ ਬਣੇ ਰਹਿਣਾ। ਬੱਸ ! ਇਸ ਤੋਂ ਜ਼ਰਾ ਭਰ ਭੀ ਏਧਰ ਓਧਰ



www.AKJ.Org

ਹੋਣ ਵਿਚ ਬਚਾਅ ਨਹੀਂ ਹੈ। ਗੁਰੂ ਅੱਗੇ ਹੁੱਜਤ, ਦਲੀਲ, ਬਹਿਸ-ਮੁਬਾਹਸਾ ਜਾਂ ਆਪਣੀ ਚਤੁਰਾਈ ਨਹੀਂ ਚੱਲਦੀ। ਏਥੇ ਤਾਂ **'ਜੇਕੋਭਲਾਲੋੜੈਭਲਅਪਨਾਗੁਰਆਗੈਢਹਿਢਹਿਪਾਵੈਗੋ'** (੧੩੧੦) ਅਨੁਸਾਰ ਜੀਵਨ ਢਾਲਣ ਦੀ ਲੋੜ ਹੈ ਤਾਂ ਹੀ ਗੁਰਸਿੱਖ ਦਾ ਭਲਾ ਹੈ। ਆਪਣੀ ਅਕਲ, ਜਿਸ ਨੂੰ ਅਸੀਂ ਗੁਰੂ ਘਰ ਵਿਚ ਭੀ ਢਾਕੇ ਟੰਗੀ ਫਿਰਦੇ ਹਾਂ, ਇਕ ਪਾਸੇ ਰੱਖ ਕੇ **'ਜੋਗੁਰੁਕਹੈਸੋਈਭਲਮਾਨਹੁ'** (ਪੰਨਾ ੬੬੭) ਨੂੰ ਹਰ ਦਮ ਯਾਦ ਰੱਖਣ ਦੀ ਲੋੜ ਹੈ। ਇਹ ਪ੍ਰਸੰਗ ਗੁਰਸਿਖਾਂ ਲਈ ਸ਼ੀਸ਼ਾ ਹੈ।

(੯) ਇਸ ਸ਼ੀਸ਼ੇ ਨੂੰ ਸਾਹਮਣੇ ਰੱਖ ਕੇ, ਆਓ ਖਾਂ ਜ਼ਰਾ ਆਪਣੇ ਅੰਦਰ ਝਾਤ ਮਾਰ ਕੇ ਦੇਖੀਏ ਕਿ ਅਸੀਂ ਕਿਤਨੇ ਕੁ ਪਾਣੀ ਵਿਚ ਹਾਂ। ਚਾਲੀ ਸਿੰਘਾਂ ਨੂੰ ਤਾਂ ਭਲਾ ਭੁੱਖ ਨੇ ਤੰਗ ਕੀਤਾ ਅਤੇ ਗੁਰੂ ਜੀ ਨੂੰ ਪਿੱਠ ਦੇ ਕੇ ਗੁਰੂ ਜੀ ਤੋਂ ਮੂੰਹ ਫੇਰ ਗਏ। ਸਾਨੂੰ ਕਿਸ ਨੇ ਮਜ਼ਬੂਰ ਕੀਤਾ ਹੈ, ਜੁ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ (ਪਰਗਟ ਗੁਰਾਂ ਕੀ ਦੇਹ) ਜੀ ਦੇ ਪਾਵਨ ਲੜੀਦਾਰ ਸਰੂਪ ਨੂੰ ਪਿੱਠ ਕੇ ਬੈਠੇ ਹਾਂ ? ਸਾਨੂੰ ਮਾਇਆ ਅਤੇ ਸੁਖਿਆਰੇ ਸਿੱਖਾਂ ਦੀ ਵਾਹਵਾ ਦੀ ਭੁੱਖ ਨੇ ਮਜਬੂਰ ਕੀਤਾ ਹੈ। ਸਾਨੂੰ ਨਾ ਤਾਂ ਗੁਰੂ ਨਾਲ ਪਿਆਰ ਹੈ ਅਤੇ ਨਾ ਹੀ ਗੁਰਸਿੱਖੀ ਨਾਲ। ਸਾਨੂੰ ਨਾ ਗੁਰੂ ਦਾ ਭੈ ਹੈ, ਨਾ ਹੀ ਗੁਰੂ ਦੀ ਪਰਵਾਹ ਹੈ ਅਤੇ ਨਾ ਹੀ ਗੁਰਮਤਿ ਅਨੁਸਾਰ ਗੁਰਸਿੱਖੀ ਦਾ ਪ੍ਰਚਾਰ ਕਰਨ ਦਾ ਚਾਅ ਹੈ। ਗੁਰਸਿੱਖੀ ਢਿੱਲੀ ਜਾਂ ਕਮਜ਼ੋਰ ਪੈ ਜਾਣ ਦੀ ਪਰਵਾਹ ਨਹੀਂ। ਸਾਨੂੰ ਤਾਂ ਗਾਹਕੀ ਵਧਾਉਣ ਦੀ ਧੁਨ ਹੈ।

(੧੦) ਤਾਹੀਓਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਦ-ਛੇਦ ਸਰੂਪ ਛਾਪਣ ਵਾਲੇ ਠੇਕੇਦਾਰਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਣ ਲਿਖਿਆ ਬਿਦਾਵਾ ਦੇ ਦਿੱਤਾ ਜਾਪਦਾ ਹੈ ਕਿ – 'ਐ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੇ ਧੁਰ-ਧੁਰੰਦਰੀ ਲੜੀਦਾਰ ਦਰਸ਼ਨ ਬਖਸ਼ਣਹਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਓ! ਕਲਗੀਧਰ ਪਾਤਸ਼ਾਹ ਜੀ ਨੇ ਆਪ ਜੀ ਨੂੰ ਮੱਥਾ ਟੇਕ ਕੇ ਸਿੱਖਾਂ ਨੂੰ ਹੁਕਮਨ ਆਪ ਜੀ ਦੇ ਲੜ ਲਾਇਆ ਸੀ, ਪਰ ਸਾਨੂੰ ਅਤੇ ਸਾਡੇ ਗਾਹਕਾਂ ਨੂੰ ਆਪ ਜੀ ਦੇ ਦਰਸ਼ਨ ਕਰਨ ਵਿਚ ਬੜੀ ਦਿੱਕਤ ਪੇਸ਼ ਆਉਂਦੀ ਹੈ। ਅਸੀਂ ਮਜ਼ਬੂਰ ਹਾਂ। ਸਾਥੋਂ ਇਹ ਦਿੱਕਤ ਹੋਰ ਨਹੀਂ ਸਹਾਰੀ ਜਾਂਦੀ, ਸਾਨੂੰ ਤੁਹਾਡਾ ਸਰੂਪ ਰਾਸ ਨਹੀਂ ਬੈਠਦਾ, ਇਸ ਲਈ ਅਸੀਂ ਆਪ ਜੀ ਨਾਲੋਂ ਆਪਣਾ ਸਨਬੰਧ ਤੋੜਦੇ ਹਾਂ। ਅਸੀਂ ਅਤੇ ਸਾਡੇ ਸੁਖਿਆਰੇ ਗਾਹਕ ਪਦ-ਛੇਦ ਸਰੂਪ ਨਾਲ ਬੜੇ ਖੁਸ਼ ਅਤੇ ਸੌਖੇ ਹਨ। ਤੁਸੀਂ ਹੁਣ ਆਪਣਾ ਬਿਲਾ ਕਰੋ।'

(੧੧) ਪਦ-ਛੇਦੀਆਂ ਨੇ, ਗੁਰੂ ਤੋਂ ਬੇਮੁਖਤਾਈ ਦੇ ਕਾਰਨ, ਆਪਣਾ ਤਾਂ ਨਾਸ ਕਰ ਹੀ ਲਿਆ ਹੈ, ਆਪਣੇ ਨਾਲ-ਨਾਲ ਅਨਭੋਲ ਸਿੱਖ ਜਨਤਾ ਦੀ ਬੇੜੀ ਵਿਚ ਭੀ ਵੱਟੇ ਪਾ ਕੇ, ਇਨ੍ਹਾਂ ਨੂੰ ਤੱਤ ਗੁਰਮਤਿ ਤੋਂ ਦੁਰੇਡੇ ਲਿਜਾ ਰਹੇ ਹਨ। ਹਰ ਪਦ-ਛੇਦ ਪਾਠੀ ਸਮਝਦਾ ਹੈ ਕਿ ਮੈਂ ਸ਼ੁੱਧ ਪਾਠ ਕਰਦਾ ਹਾਂ (ਇਹ ਸੂਖਸ਼ਮ ਹਉਮੈ ਹੈ) ਅਤੇ ਦੂਸਰਿਆਂ ਪਾਠੀਆਂ ਨੂੰ ਸਮਝਦਾ ਹੈ ਕਿ ਉਹ ਅਸ਼ੁੱਧ ਪਾਠ ਕਰਦੇ ਹਨ (ਇਹ ਦੂਸਰਿਆਂ ਦੀ ਸੂਖਸ਼ਮ ਨਿੰਦਿਆ ਹੈ)। ਲੜੀਦਾਰ ਸਰੂਪ ਤੋਂ ਪਾਠ ਕਰਨ ਵਾਲੇ ਪ੍ਰੇਮੀਆਂ ਉਤੇ ਹਉਮੈਂ ਅਤੇ ਨਿੰਦਿਆਂ ਵਾਲਾ ਦੂਸ਼ਨ ਤਾਂ ਲੱਗ ਹੀ ਨਹੀਂ ਸਕਦਾ ਕਿ ਅਸੀਂ ਸ਼ੁਧ ਪਾਠ ਕਰਦੇ ਹਾਂ ਜਾਂ ਕਰ ਸਕਦੇ ਹਾਂ, ਤਾਂ ਦੂਸਰਿਆਂ ਨੂੰ ਉਨ੍ਹਾਂ ਨੇ ਕੀ ਕਹਿਣਾ ਹੋਇਆ ? ਇਹ ਗੁਰੂ ਪਿਆਰੇ ਤਾਂ ਬੜੇ ਨਿਰਮਾਣ ਹੋ ਕੇ, ਹੱਥ ਜੋੜ ਕੇ, ਨੈਣ ਮੂੰਦ ਕੇ, ਗਲ ਪੱਲਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੂਹਰੇ ਤਰਲਿਆਂ ਭਰੀ ਅਰਦਾਸ ਕਰਦੇ ਹਨ, ਕਿ ਹੇ ਸਮਰੱਥ ਪਰਤੱਖ ਜ਼ਾਹਰਾ ਜ਼ਹੂਰ, ਸਰਬ ਕਲਾ ਭਰਪੂਰ ਸੱਚੇ ਸਤਿਗੁਰੂ ਜੀਓ! ਆਪ ਜੀ ਦੀ ਪਾਵਨ ਗੁਰਬਾਣੀ, ਇਹ ਧੁਰ ਕੀ ਆਈ, ਅਗਾਧ ਬੋਧ ਬਾਣੀ ਦਾ ਸ਼ੁਧ ਪਾਠ ਕਰਨਾ ਅਸਾਂ ਅਲਪੱਗ ਜੀਵਾਂ ਲਈ ਅਸੰਭਵ ਹੈ। ਆਪ ਜੀ ਕਿਰਪਾ ਕਰਕੇ ਦਾਸਾਂ ਦੀਆਂ, ਪਾਠ ਕਰਦਿਆਂ ਹੋਇਆ ਹੋ ਗਈਆਂ ਭੁੱਲਾਂ ਦੀ ਮੁਆਫ਼ੀ ਬਖਸ਼ੋ ਜੀ, ਅਤੇ ਅੱਗੇ ਤੋਂ ਸ਼ੁਧ ਪਾਠ ਕਰਨ ਦੀ ਸੋਝੀ ਬਖ਼ਸ਼ੋ ਜੀ। ਇਸ ਪ੍ਰਕਾਰ ਦੀਆਂ



www.AKJ.Org

ਨਿਰਮਾਣਤਾ ਅਤੇ ਗੁਰਸਿੱਖੀ ਪਿਆਰ ਭਰੀਆਂ ਜੋਦੜੀਆਂ ਗੁਰੂ ਕੇ ਲਾਲ ਕਰਦੇ ਹੀ ਰਹਿੰਦੇ ਹਨ।

(੧੨) ਇਹ ਜੋਦੜੀਆਂ ਗੁਰ-ਆਸ਼ੇ ਅਨੁਸਾਰ ਹਨ। ਯਥਾ : '**ਮਨਤੂੰਮਤਮਾਣੁਕਰਹਿਜਿਹਉਕਿਛੁਜਾਣਦਾਗੁਰਮੁਖਿਨਿਮਾਣਾਹੋਹੁ** (੪੪੧) ॥' ਨਾ ਖ਼ੁਦ ਮਾਣ ਕਰਦੇ ਹਨ ਅਤੇ ਨਾ ਹੀ ਕਿਸੇ ਪਾਠੀ ਦੀ ਨਿੰਦਿਆਂ ਕਰਦੇ ਹਨ। ਤਾਹੀਓਂ ਹੀ ਇਸ ਪ੍ਰਕਾਰ ਦੀਆਂ ਅਰਦਾਸਾਂ ਸੁਣਨਹਾਰੇ (ਸਤਿਗੁਰੂ) ਨੇ, ਆਪਣੇ ਲਾਡਲੇ ਤੱਤ ਗੁਰਸਿੱਖਾਂ ਪ੍ਰਤੀ ਹੀ ਕਿਹਾ ਹੈ ਕਿ, '**ਜੇਬਾਹਰਹੁਭੁਲਿਚੁਕਿਬੋਲਦੇਭੀਖਰੇਹਰਿਭਾਣੇ** (੪੫੦) ॥' ਕੈਸਾ ਲਾਭ ਹੈ ਤੱਤ ਗੁਰਸਿੱਖੀ ਇਖ਼ਤਿਆਰ ਕਰਨ ਦਾ ! ਤਾਂ ਤੇ ਲੜੀਦਾਰ ਸਰੂਪ ਤੋਂ ਹੀ ਪਾਠ ਕਰਨਾ ਗੁਰੂ-ਆਸ਼ੇ ਅਨੁਸਾਰ ਬਣ ਜਾਂਦਾ ਹੈ।

(੧੩) ਪੁਰਾਤਨ ਚਾਲੀ ਸਿੰਘਾਂ ਨੇ ਤਾਂ ਬਿਦਾਵਾ ਲਿਖ ਕੇ ਗੁਰੂ ਜੀ ਨੂੰ ਗੁਰੂ-ਦਰਬਾਰ ਵਿਚ ਹੀ ਰਹਿਣ ਦਿੱਤਾ ਸੀ ਅਤੇ ਆਪ ਗੁਰੂ-ਦਰਬਾਰੋਂ ਬਾਹਰ ਨਿਕਲ ਤੁਰੇ ਸਨ। ਪਰ ਹੁਣ ਤੇ ਪਦ-ਛੇਦੀ ਬੇਦਾਵੀਆਂ ਨੇ ਤਾਂ ਹੱਦ ਕਰ ਦਿੱਤੀ ਹੈ। ਇਨ੍ਹਾਂ ਨੇ ਗੁਰੂ ਨੂੰ ਹੀ ਗੁਰਦਵਾਰਿਆਂ ਵਿਚੋਂ ਬਾਹਰ ਕੱਢ ਬੱਸ ਕੀਤੀ ਹੈ ਅਤੇ ਆਪ ਗੁਰਦਵਾਰੇ ਮੱਲ ਕੇ ਬੈਠ ਗਏ ਹਨ। ਇਹ ਲੋਕ ਘਰ ਬੈਠੇ ਬੈਠਾਏ, ਮਾਇਆ ਵਿਚ ਰੰਗ-ਰਲੀਆਂ ਮਾਣ ਰਹੇ, ਬਾਲ-ਉਪਦੇਸ਼ ਪੜ੍ਹ ਕੇ ਗੁਰ-ਦਰਸ਼ਨ ਕਰਨਾ ਲੋੜਨ ਵਾਲੇ ਗੁਰ-ਸਿੱਖੀ ਦੀ ਕਦਰ ਅਤੇ ਸਤਿਗੁਰੂ ਜੀ ਦਾ ਸਤਿਕਾਰ ਕੀ ਜਾਨਣ ? ਗੁਰੂ ਜੀ ਦੀ ਕਦਰ ਅਤੇ ਸਤਿਕਾਰ ਉਨ੍ਹਾਂ ਨੂੰ ਹੀ ਹੈ ਜਿਹੜੇ ਗੁਰੂ ਦੇ ਹੁਕਮ ਤੋਂ ਮਰ ਮਿਟਦੇ ਹਨ, ਗੁਰੂ ਦੇ ਇਸ਼ਾਰੇ ਤੇ ਚੱਲਦੇ ਹਨ, ਆਪਣਾ ਸਮੁੱਚਾ ਜੀਵਨ ਹੀ ਗੁਰੂ ਅਨੁਸਾਰੀ ਹੋ ਕੇ ਬਤੀਤ ਕਰਦੇ ਹਨ। ਬਲਿਹਾਰ ਜਾਈਏ ਗੁਰੂ ਤੋਂ ਭੀ। ਗੁਰੂ ਭੀ ਅਜਿਹੀਆਂ ਗੁਰ-ਪਿਆਰੇ-ਗੁਰਸਿੱਖਾਂ ਤੋਂ ਸਦਾ ਹੀ ਕੁਰਬਾਨ ਹੁੰਦਾ ਹੈ, ਯਥਾ : **ਜਨਨਾਨਕਸਦਾਕੁਰਬਾਣੁਤਿਨਜੋਚਾਲਹਿਸਤਿਗੁਰਭਾਇ** (੧੪੧੫) ॥' ਸਤਿਗੁਰੂ ਜੀ ਦੀ ਮਰਜ਼ੀ ਨਾਲ (ਸਤਿਗੁਰ-ਅਨੁਸਾਰੀ ਹੋ ਕੇ) ਚੱਲਣ ਵਾਲਿਆਂ ਗੁਰਸਿੱਖਾਂ ਤੋਂ ਗੁਰੂ ਜੀ ਹਮੇਸ਼ਾ ਹੀ ਕੁਰਬਾਨ ਜਾਂਦੇ ਹਨ।

(੧੪) ਗੁਰੂ ਨਾਨਕ ਸਾਹਿਬ ਜੀ ਨੇ ਦਸਵੇਂ ਜਾਮੇ ਵਿਚ ਵਿਚਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਲੜੀਦਾਰ ਸਰੂਪ ਮੂਹਰੇ, ਧਰਤੀ ਉਤੇ ਗੋਡਿਆਂ ਭਾਰ ਹੋ ਕੇ, ਆਪਣਾ ਪਾਵਨ ਮਸਤਕ ਭੁੰਜੇ ਲਾ ਕੇ ਮੱਥਾ ਟੇਕਿਆ, ਉੱਠ ਕੇ ਹੱਥ ਜੋੜ ਕੇ ਫਤਹ ਗਜਾਈ ਅਤੇ ਸਿੱਖਾਂ ਨੂੰ ਮੁਖ਼ਾਤਬ ਕਰ ਕੇ ਕਿਹਾ, 'ਪਰਗਟ ਗੁਰੂ ਸਾਹਿਬ ਜੀ ਦੀ ਦੇਹ (ਹੁਣ ਤੋਂ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਦਰਸ਼ਨ ਇਸ ਵਿਚ ਹੋਇਆ ਕਰਨਗੇ।' ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ (ਪੂਰਨ ਗੁਰੂ) ਵਿਚ '**ਹਰਿਪੂਰਨਬ੍ਰਹਮਿਨਿਵਾਸੁਲੀਅਉ**' (੧੪੦੯) ਵਾਲਾ ਭਾਣਾ ਵਰਤਿਆ। ਵਾਹਿਗੁਰੂ !

(੧੫) ਗੁਰਸਿੱਖਾਂ ਨੇ ਪੂਰੇ ਗੁਰੂ ਦਾ ਬਚਨ ਸੁਣਿਆ। '**ਪੂਰੇਗੁਰਕਾਸੁਨਿਉਪਦੇਸੁ** (੨੯੫) ॥' ਫਿਰ ਕੀ ਕੀਤਾ ? '**ਬਚਨੁਗੁਰੂਜੋਪੂਰੇਕਹਿਓਮੈਛੀਕਿਗਾਂਠਰੀਬਾਧਾ** (੧੨੦੪) ॥' ਪੂਰੇ ਗੁਰੂ ਦਾ ਬਚਨ ਸੁਣ ਕੇ ਘੁੱਟ ਕੇ ਪੱਲੇ ਬੰਨ੍ਹ ਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗ ਗਏ। ਨਾਨਕ-ਕਲਗੀਧਰ ਪਾਤਸ਼ਾਹ ਜੀ ਨੇ ਆਪਣੀ ਨਿਗਰਾਨੀ ਹੇਠ ਆਪਣੇ ਮੁਖਾਰਬਿੰਦ ਤੋਂ ਸਮੱਗਰ ਗੁਰਬਾਣੀ ਉਚਾਰ ਕੇ ਨਾਵੇਂ ਜਾਮੇ ਵਿਚ ਉਚਰੀ ਬਾਣੀ ਵਿਚ ਸ਼ਾਮਲ ਕਰ ਕੇ), ਲੜੀਦਾਰ ਰੂਪ ਵਿਚ ਲਿਖਵਾ ਕੇ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੇ ਦਾਇਮੀ ਵਾਰਿਸ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਰਚੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਰੱਬ ਹਨ, ਯਥਾ '**ਗੁਰੁਪਾਰਬ੍ਰਹਮਪਰਮੇਸਰੁਸੋਇ** ॥' (੧੨੭੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਗੁਰ ਪਰਮੇਸਰ' ਹਨ। ਏਥੇ ਪਦ-ਛੇਦੀ ਬੇਦਾਵੀਏ ਕਿਹੜਾ ਬਹਾਨਾ ਲੱਭਣਗੇ ਗੁਰ ਪਰਮੇਸ਼ਰ ਦੇ ਨੁਕਸ ਕੱਢਣ ਦਾ ? ਇਨ੍ਹਾਂ ਨੂੰ ਗੁਰੁ ਪਰਮੇਸਰੁ ਵਿਚ ਕਿਹੜੀ ਘਾਟ ਨਜ਼ਰ ਆਏਗੀ ਜਿਸ ਨੂੰ ਦੂਰ ਕਰਨ ਲਈ ਇਹ ਲੋਕ ਮਹਾਂਪੁਰਖ ਦੀ ਬਾਣੀ ਨੂੰ ਪਦ-ਛੇਦ ਕਰ ਦੇਣਗੇ ? ਗੁਰ ਪਰਮੇਸਰ ਤਾਂ 'ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ ॥'



www.AKJ.Org

(੧੬) ਅਸੀਂ ਕੇਹੜੇ ਮੂੰਹ ਨਾਲ ਐਸੇ ਗੁਰੂ ਦੀ ਪਦ-ਛੇਦਤਾ ਵਿਚ ਤੋੜਾ-ਫੋੜੀ ਕਰਨਾ ਲੋੜਦੇ ਹਾਂ ? ਅਤੇ ਇਸ ਤੋੜਾ ਫੋੜੀ ਨਾਲ ਕਿਹੜੇ ਵਿਅਕਤੀ ਨੂੰ ਖੁਸ਼ ਕਰਨਾ ਲੋੜਦੇ ਹਾਂ ? ਕੀ ਹੋ ਗਿਆ ਹੈ ਸਾਡੀ ਮੱਤ ਨੂੰ ? ਸਤਿਗੁਰ ਕਿਰਪਾ ਕਰਨ ਅਤੇ ਅਸਾਂ ਨਵੀਂਨ ਬੇਦਾਵੀਆਂ ਨੂੰ ਸੁਮਤਿ ਬਖਸ਼ ਕੇ ਰਾਹੇ-ਰਾਸਤ ਉਤੇ ਲੈ ਆਉਣ ।

'ਜਾਕੈਜੀਅਜੈਸੀਬੁਧਿਹੋਈ ॥ ਕਹਿਕਬੀਰਜਾਨੈਗਾਸੋਈ ॥' (੩੪੨) ਇਹ ਯਾਦ ਰਹੇ ਕਿ, 'ਪੂਰਾਗੁਰੁਪੂਰੀਮਤਿਜਾਕੀਪੂਰਨਪ੍ਰਭਕੈਕਾਮਾ ॥' (੬੩੦) ਸਾਡੀ ਮਤਿ ਹੀ ਅਧੂਰੀ ਹੈ । ਅਸੀਂ ਹੀ ਊਰੇ ਹਊਰੇ ਹਾਂ । ਗੁਰੂ ਗ੍ਰੰਥ ਸਾਹਿਬ ਜੀ ਤਾਂ ਪੂਰੇ ਗਉਰੇ ਹਨ ।

ਵੱਲੋਂ : ਸਕੁਐਰਡਨ ਲੀਡਰ
ਜਥੇਦਾਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ.
ਮੁਖੀ ਅਖੰਡ ਕੀਰਤਨੀ ਜੱਥਾ ।

## ਸੂਰਾ ਮਾਸਕ ਪੱਤਰ ਨੂੰ ਪੁੱਜੀ ਸਹਾਇਤਾ ਦਾ ਵੇਰਵਾ

ਭਾਈ ਅਮਰ ਸਿੰਘ ਨਿਵਾਸੀ ਸੁਰੀ, ਕੇਨੇਡਾ ਰਾਹੀਂ 'ਸੂਰਾ' ਮਾਸਿਕ ਪੱਤਰ ਨੂੰ ਹੇਠਾਂ ਅਨੁਸਾਰ ਸਹਾਇਤਾ ਪੁੱਜੀ ਹੈ । ਸੂਰਾ ਪ੍ਰੀਵਾਰ ਅੰਮ੍ਰਿਤਸਰ, ਇਨ੍ਹਾਂ ਵੀਰਾਂ ਦਾ ਤਹਿ ਦਿਲੋਂ ਰਿਣਯੁਕਤ ਹੈ ਜਿਨ੍ਹਾਂ ਨੇ ਸੂਰਾ ਦੇ ਚੰਦੇ ਦੇ ਨਾਲ ਨਾਲ ਸਹਾਇਤਾ ਫੰਡ ਵੀ ਭੇਜਿਆ ਹੈ :-

| | | |
|---|---|---|
| ੧) | ਭਾਈ ਅਮਰ ਸਿੰਘ ਜੀ | ੫੦੦ ਕੇਨੇਡੀਅਨ ਡਾਲਰ |
| ੨) | ਭਾਈ ਹਰਮੇਲ ਸਿੰਘ ਜੀ | ੫੦੦ ਕੇਨੇਡੀਅਨ ਡਾਲਰ |
| ੩) | ਭਾਈ ਸੁਖਜਿੰਦਰ ਸਿੰਘ ਜੀ | ੨੫੦ ਕੇਨੇਡੀਅਨ ਡਾਲਰ |
| ੪) | ਬਾਬਾ ਗੁਰਦੇਵ ਸਿੰਘ ਜੀ | ੨੦੦ ਕੇਨੇਡੀਅਨ ਡਾਲਰ |
| ੫) | ਭਾਈ ਜਸਵੰਤ ਸਿੰਘ ਖਾਲਸਾ | ੨੦੦ ਕੇਨੇਡੀਅਨ ਡਾਲਰ |

''ਸੂਰਾ ਪ੍ਰੀਵਾਰ'' ਸ੍ਰੀ ਅੰਮ੍ਰਿਤਸਰ



www.AKJ.Org

## ''ਰਾਤ ਜਦ ਦਿਨ ਨੂੰ ਮਿਲਦੀ ਹੈ ਤਾਂ ਰਹਿੰਦੀ ਹੀ ਨਹੀਂ''

ਪਾਉਂਟਾ ਤੋਂ ਲੱਗ ਭੱਗ ਦਸ ਮੀਲ ਦੂਰ ਸਾਢੌਰਾ ਹੈ। ਉਥੇ ਇਕ ਮਹਾਤਮਾ ਪੀਰ ਬੁੱਧੂ ਸ਼ਾਹ ਜੀ ਰਹਿੰਦੇ ਹਨ। ਕਿਤਨੇ ਹੀ ਧਰਮ ਦੀਆਂ ਪੁਸਤਕਾਂ ਉਹਨਾਂ ਪੜ੍ਹੀਆਂ, ਕਾਫੀ ਪੂਜਾ ਬੰਦਗੀ ਕੀਤੀ। ਕਿਤਨੇ ਹੀ ਅਜਿਹੇ ਲੋਕਾਂ ਨੂੰ ਮਿਲੇ, ਜਿਨ੍ਹਾਂ ਦਾ ਦਾਅਵਾ ਸੀ ਕਿ ਉਹ ਰੂਹ ਦੇ ਭੇਦ ਨੂੰ ਜਾਣਦੇ ਹਨ, ਪਰੰਤੂ ਇਤਨਾ ਕੁਝ ਕਰਨ ਮਗਰੋਂ ਵੀ ਉਹਨਾਂ ਦੇ ਮਨ ਨੂੰ ਸ਼ਾਂਤੀ ਨਸੀਬ ਨਾ ਹੋਈ। ਉਹਨਾਂ ਨੂੰ ਇਉਂ ਭਾਸਦਾ ਸੀ, ਜਿਵੇਂ ਕੁਝ ਕਮੀ ਹੋਵੇ, ਕੋਈ ਅਜਿਹਾ ਖਲਾ ਪ੍ਰਤੀਤ ਹੁੰਦਾ, ਜਿਹੜਾ ਭਰਿਆ ਨਹੀਂ ਸੀ ਜਾਂਦਾ ਤੇ ਊਣਾ ਊਣਾ ਹੀ ਰਹਿੰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਉਹਨੀਂ ਦਿਨੀਂ ਪਾਉਂਟਾ ਵਿਖੇ ਹੀ ਸਨ। ਪੀਰ ਬੁਧੂ ਸ਼ਾਹ ਪਾਲਕੀ ਤੇ ਬੈਠ ਕੇ ਆਪਣੇ ਮੁਰੀਦਾਂ ਸਮੇਤ ਉਥੇ ਪੁੱਜੇ। ਪਾਲਕੀ ਤੋਂ ਉਤਰੇ ਤਾਂ ਗੁਰੂ ਜੀ ਨੂੰ ਝੁੱਕ ਕੇ ਸਲਾਮ ਨਾ ਕੀਤਾ। ਉਹ ਉਮਰੋਂ ਗੁਰੂ ਜੀ ਤੋਂ ਵੱਡੇ ਸਨ, ਅਤੇ ਫਿਰ ਉਹਨਾਂ ਦੇ ਮੁਰੀਦ ਵੀ ਖੜੇ ਵੇਖ ਰਹੇ ਸਨ, ਝੁਕਦੇ ਕਿਵੇਂ ? ਗੁਰੂ ਜੀ ਆਪ ਹੀ ਉਠੇ, ਅੱਗੇ ਵਧ ਕੇ ਉਹਨਾਂ ਨੇ ਪੀਰ ਜੀ ਦਾ ਸਵਾਗਤ ਕੀਤਾ। ਉਹਨਾਂ ਨੂੰ ਆਪਣੇ ਕੋਲ ਬਿਠਾਇਆ ਅਤੇ ਪਿਆਰ ਨਾਲ ਬੋਲੇ 'ਫੁਰਮਾਓ, ਮੈਂ ਤੁਹਾਡੀ ਕੀ ਸੇਵਾ ਕਰਾਂ ?'

ਫੇਰ ਪੀਰ ਸਾਹਿਬ ਨੂੰ ਪਤਾ ਲੱਗਾ, ਕਿ ਜਿਸ ਆਦਮੀ ਦੇ ਸਾਹਮਣੇ ਉਹ ਬੈਠੇ ਹੋਏ ਹਨ, ਉਹ ਕਿਤਨੀ ਮਹਾਨ ਆਤਮਕ ਸ਼ਕਤੀ ਦੇ ਮਾਲਕ ਹਨ। ਉਹਨਾਂ ਦੇ ਪਾਸ ਬੈਠਣ ਨਾਲ ਹੀ ਮਨ ਨੂੰ ਸ਼ਾਂਤੀ ਮਿਲ ਰਹੀ ਸੀ। ਰੂਹਾਨੀਅਤ ਦੀ ਰੌਸ਼ਨੀ ਉਹਨਾਂ ਦੀਆਂ ਅੱਖਾਂ ਵਿਚੋਂ ਨਿਕਲ ਦੇ ਹਰ ਪਾਸੇ ਫੈਲਦੀ, ਹਰ ਕਿਸੇ ਨੂੰ ਆਪਣੇ ਸੀਨੇ ਨਾਲ ਲਾਂਦੀ ਪ੍ਰਤੀਤ ਹੁੰਦੀ ਸੀ। ਪੀਰ ਸਾਹਿਬ ਨੂੰ ਇਉਂ ਜਾਪਿਆ ਜਿਉਂ ਉਹਨਾਂ ਦੇ ਸਾਰੇ ਸ਼ੰਕੇ ਦੂਰ ਹੋ ਗਏ ਹਨ। ਉਹਨਾਂ ਦੇ ਸਾਰੇ ਪ੍ਰਸ਼ਨਾਂ ਦਾ ਉਤਰ ਮਿਲ ਗਿਆ ਹੋਵੇ। ਹੁਣ ਕੁਝ ਪੁੱਛਣਾ ਬਾਕੀ ਨਾ ਰਹਿ ਗਿਆ ਹੋਵੇ, ਪਰ ਉਹ ਇਤਨੀ ਦੂਰੋਂ ਆਏ ਸਨ, ਕਿਤਨੇ ਹੀ ਲੋਕਾਂ ਨੂੰ ਨਾਲ ਲੈ ਕੇ, ਕੁਝ ਨਾ ਕੁਝ, ਤਾਂ ਪੁਛਣਾ ਚਾਹੀਦਾ ਹੈ। ਇਸ ਲਈ ਬੋਲੇ, 'ਆਦਮੀ ਖ਼ੁਦਾ ਨੂੰ ਕਿਵੇਂ ਮਿਲੇ ?' ਗੁਰੂ ਮਹਾਰਾਜ ਜੀ ਨੇ ਉਤਰ ਦਿੱਤਾ, ਜਿਵੇਂ ਰਾਤ ਦਿਨ ਨੂੰ ਮਿਲਦੀ ਹੈ।'

**ਪੀਰ ਸਾਹਿਬ ਬੋਲੇ 'ਰਾਤ ਜਦ ਦਿਨ ਨੂੰ ਮਿਲਦੀ ਹੈ ਤਾਂ ਰਹਿੰਦੀ ਹੀ ਨਹੀਂ।'**

ਗੁਰੂ ਮਹਾਰਾਜ ਜੀ ਨੇ ਕਿਹਾ 'ਤੁਸੀਂ ਠੀਕ ਸਮਝੇ। ਜਦ ਤਕ ਮੈਂ ਮੌਜੂਦ ਹੈ ਤਦ ਤਕ ਖ਼ੁਦਾ ਮਿਲੇਗਾ ਨਹੀਂ। ਇਸ ਖ਼ੁਦੀ ਅਤੇ ਹੰਕਾਰ ਨੂੰ ਖ਼ਤਮ ਕਰਨ ਮਗਰੋਂ ਹੀ ਉਸ ਦੇ ਦਰਸ਼ਨ ਹੁੰਦੇ ਹਨ ਅਤੇ ਉਹਦੋਂ ਉਹ ਹੀ ਰਹਿ ਜਾਂਦਾ ਹੈ। ਮੈ ਦੀ ਕੋਈ ਹੋਂਦ ਨਹੀਂ ਰਹਿ ਜਾਂਦੀ, ਦਿਨ ਹੀ ਦਿਨ ਰਹਿ ਜਾਂਦਾ ਹੈ, ਰਾਤ ਖਤਮ ਹੋ ਜਾਂਦੀ ਹੈ।

ਅਤੇ ਸੱਯਦ ਬੁਧੂ ਸ਼ਾਹ ਨੂੰ ਇਉਂ ਜਾਪਿਆ ਜਿਉਂ ਚਾਰੇ ਪਾਸੇ ਰੋਸ਼ਨੀ ਹੀ ਰੋਸ਼ਨੀ ਹੋ ਗਈ ਹੋਵੇ। ਹਨੇਰਾ ਦੂਰ ਹੋ ਗਿਆ ਹੋਵੇ। ਕੁਝ ਦੇਰ ਪਹਿਲਾਂ ਉਹ ਇਸ ਛੋਟੇ ਜਿਹੇ ਗੋਬਿੰਦ ਨੂੰ ਸਲਾਮ ਕਰਨਾ ਆਪਣੀ ਸ਼ਾਨ ਦੇ ਵਿਰੁਧ ਸਮਝਦਾ ਸੀ, ਪਰ ਉਹ ਉਠ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਉਤੇ ਝੁਕ ਗਿਆ। ਗੁਰੂ ਮਹਾਰਾਜ ਜੀ ਨੇ ਉਹਨਾਂ ਨੂੰ ਝੱਟ ਪੱਟ ਉਠਾ ਕੇ ਸੀਨੇ ਨਾਲ ਲਾ ਲਿਆ ਅਤੇ ਫੇਰ ਆਪਣੇ ਪਾਸ ਬਿਠਾ ਲਿਆ। ਕਾਫੀ ਦੇਰ ਮਗਰੋਂ ਪੀਰ ਬੁੱਧੂ ਸ਼ਾਹ ਵਾਪਸ ਸਾਢੌਰਾ ਵਿਖੇ ਮੁੜੇ ਤਾਂ ਇਉਂ, ਜਿਉਂ ਰੌਸ਼ਨੀ ਦੇ ਕਿਸੇ ਸਾਗਰ ਵਿਚ ਤਰਦੇ ਹੋਏ ਜਾ ਰਹੇ ਹੋਣ।

ਗੁਰੂ ਮਹਾਰਾਜ ਜੀ ਪਾਉਂਟਾ ਤੋਂ ਅੰਨਦਪੁਰ ਜਾ ਰਹੇ ਸਨ, ਰਸਤੇ ਵਿਚ ਅੰਬਾਲਾ ਦੇ ਨੇੜੇ ਰਾਏਪੁਰ ਆਉਣਾ ਸੀ। ਉਥੇ ਦੀ ਰਾਣੀ ਗੁਰੂ ਮਹਾਰਾਜ ਜੀ ਦੀ ਭਗਤ ਸੀ। ਉਸ ਨੇ ਗੁਰੂ ਜੀ ਦੇ ਕਦੀ ਦਰਸ਼ਨ ਨਹੀਂ ਸਨ ਕੀਤੇ, ਇਕ ਬੁੱਢੀ ਤੋਂ ਉਹਨਾਂ ਬਾਰੇ ਗੱਲਾਂ ਸੁਣੀਆਂ



www.AKJ.Org

ਸਨ, ਗੁਰਬਾਣੀ ਸੁਣੀ ਸੀ ਅਤੇ ਸੁਣ ਕੇ ਗੁਰੂ ਮਹਾਰਾਜ ਜੀ ਦੇ ਉਹਨਾਂ ਚਰਨਾਂ ਵਿਚ ਉਸ ਦਾ ਸਿਰ ਝੁਕ ਗਿਆ ਸੀ, ਜਿਨ੍ਹਾਂ ਦੇ ਦਰਸ਼ਨ ਉਹ ਕਰ ਨਹੀਂ ਸੀ ਪਾਈ। ਜਿਉਂ ਜਿਉਂ ਉਸ ਦੇ ਦਿਲ ਵਿਚ ਪਿਆਰ ਵਧਦਾ ਗਿਆ, ਤਿਉਂ ਤਿਉਂ ਦਰਸ਼ਨ ਦੀ ਤਾਂਗ ਵੀ ਵਧਦੀ ਗਈ, ਗੁਰੂ ਮਹਾਰਾਜ ਜੀ ਉਹਨੀਂ ਦਿਨੀਂ ਪਹਾੜੀ ਰਾਜਿਆਂ ਨਾਲ ਯੁਧ ਕਰਕੇ ਉਹਨਾਂ ਨੂੰ ਹਰਾ ਕੇ ਹਟੇ ਸਨ। ਰਾਣੀ ਨੂੰ ਖਬਰ ਸੀ ਕਿ ਉਸ ਦੀ ਗੁਰਭਗਤੀ ਨੂੰ ਇਹ ਪਹਾਣੀ ਰਾਜੇ ਪਸੰਦ ਨਹੀਂ ਕਰਨਗੇ, ਉਸ ਨੂੰ ਇਹ ਵੀ ਪਤਾ ਸੀ ਕਿ ਔਰੰਗਜੇਬ ਗੁਰੂ ਮਹਾਰਾਜ ਦੀ ਦਾ ਵੱਡਾ ਦੁਸ਼ਮਣ ਹੈ, ਅਤੇ ਜੇ ਕਰ ਉਸ ਨੂੰ ਇਹ ਖਬਰ ਮਿਲ ਗਈ ਕਿ ਉਹ ਗੁਰੂ ਜੀ ਦੀ ਸਿਖ ਹੈ, ਤਾਂ ਉਹ ਸਹਿਣ ਨਹੀਂ ਕਰੇਗਾ ਅਤੇ ਸੰਭਵ ਹੈ, ਕਿ ਉਹ ਇਨ੍ਹਾਂ ਦਾ ਤਖ਼ਤ ਅਤੇ ਰਾਜ ਖੋ ਲਵੇ ਅਤੇ ਇਨ੍ਹਾਂ ਦੀ ਰਿਆਸਤ ਨੂੰ ਖਤਮ ਕਰ ਦੇਵੇ। ਇਹਨਾਂ ਸਾਰੀਆਂ ਗੱਲਾਂ ਤੋਂ ਜਾਣੂ ਹੁੰਦਿਆਂ ਸੁੰਦਿਆਂ, ਉਸ ਨੇ ਇਹ ਫੈਸਲਾ ਕੀਤਾ ਕਿ ਤਖਤ ਅਤੇ ਤਾਜ ਭਾਵੇਂ ਰਵੇ ਭਾਵੇਂ ਨਾ ਰਵੇ, ਉਹ ਗੁਰੂ ਚਰਨਾਂ ਦਾ ਪਿਆਰ ਕਦੀ ਨਹੀਂ ਛਡੇਗੀ।

ਉਹਦੋਂ ਹੀ ਰਾਣੀ ਨੂੰ ਕਿਸੇ ਨੇ ਆਕੇ ਖਬਰ ਦਿੱਤੀ ਕਿ ਇਕ ਬਹੁਤ ਵੱਡੀ ਫੌਜ ਰਾਏਪੁਰ ਵੱਲ ਵਧਦੀ ਆ ਰਹੀ ਹੈ, ਕਿਸ ਦੀ ਫੌਜ ਹੈ ? ਉਸ ਵਿਚ ਕਿਤਨੇ ਆਦਮੀ ਹਨ ? ਇਹ ਕਿਸੇ ਨਹੀਂ ਸੀ ਵੇਖਿਆ, ਕੇਵਲ ਆਕਾਸ਼ ਵਲ ਨੂੰ ਉਠਦੀ ਹੋਈ ਧੂੜ ਤੋਂ ਕਿਆਸ ਲਾ ਕੇ ਉਹ ਖਬਰ ਦੇਣ ਲਈ ਰਾਣੀ ਕੋਲ ਨੱਠ ਆਏ ਸਨ। ਪਰੰਤੂ ਫੋਜ ਭਾਵੇਂ ਥੋੜੀ ਹੋਵੇ ਜਾਂ ਬਹੁਤੀ, ਅਤੇ ਕਿਸੇ ਦੀ ਵੀ ਹੋਵੇ ਉਸ ਦਾ ਟਾਕਰਾ ਤਾਂ ਕਰਨਾਂ ਹੀ ਹੋਵੇਗਾ। ਇਸ ਲਈ ਰਾਏਪੁਰ ਦੀ ਫੌਜ ਨੂੰ ਤਿਆਰ ਹੋਣ ਦਾ ਹੁਕਮ ਮਿਲ ਗਿਆ, ਸ਼ਸਤਰ ਵੰਡ ਦਿੱਤੇ ਗਏ , ਕਿਲ੍ਹੇ ਦੀਆਂ ਦੀਵਾਰਾਂ ਉਤੇ ਤੋਪਾਂ ਚੜ੍ਹਾ ਦਿੱਤੀਆਂ ਗਈਆਂ। ਹਰ ਸਿਪਾਹੀ ਨੇ ਆਪਣਾ ਮੋਰਚਾ ਸੰਭਾਲ ਲਿਆ, ਰਾਣੀ ਆਪ ਇਹਨਾਂ ਤਿਆਰਿਆਂ ਦੀ ਦੇਖ ਰੇਖ ਕਰ ਰਹੀ ਸੀ । ਹਮਲਾਕਾਰੀਆਂ ਅਗੇ ਝੁਕਣਾ ਉਸ ਨੂੰ ਮੰਨਜ਼ੂਰ ਨਹੀਂ ਸੀ, ਮਰਦੇ ਦਮ ਤੋੜੀ ਉਹ ਇਸ ਦਾ ਟਾਕਰਾ ਕਰੇਗੀ। ਅਤੇ ਆਕਾਸ਼ ਵਲ ਨੂੰ ਉਡਦੀ ਹੋਈ ਧੂੜ ਨੇੜੇ ਆ ਰਹੀ ਸੀ। ਹੁਣ ਰਾਏਪੁਰ ਤੋਂ ਸਾਫ ਨਜ਼ਰ ਪਈ ਆਉਂਦੀ ਸੀ।

ਫੇਰ ਕੋਈ ਹੋਰ ਮੁਖ਼ਬਰ ਉਥੇ ਪੁੱਜਿਆ। ਸਿਧਾ ਰਾਣੀ ਸਾਹਿਬਾਂ ਦੇ ਪਾਸ ਗਿਆ ਅਤੇ ਸਿਰ ਝੁਕਾ ਕੇ ਬੋਲਿਆ, ਦੁਸ਼ਮਣ ਬਹੁਤ ਸ਼ਕਤੀਸ਼ਾਲੀ ਹੈ। ਉਹ ਸਿੱਖਾਂ ਦਾ ਗੁਰੂ ਗੋਬਿੰਦ ਸਿੰਘ ਹੈ, ਸਿੱਖਾਂ ਦੀ ਬੜੀ ਵੱਡੀ ਫੌਜ ਉਸ ਦੇ ਨਾਲ ਹੈ।'

ਰਾਣੀ ਨੇ ਜਿਵੇਂ ਨੀਂਦ ਤੋਂ ਉਥੜਵਾਹ ਜਾਗਦਿਆਂ ਕਿਹਾ, 'ਕੌਣ? ਕੌਣ ਹੈ ਦੁਸ਼ਮਣ ? ਫਿਰ ਕਹੋ' ਮੁਖ਼ਬਰ ਨ ਫੇਰ ਉਹੋ ਗੱਲ ਕਹੀ। ਰਾਣੀ ਦਾ ਸਾਹ ਬੜਾ ਤੇਜ ਚੱਲ ਰਿਹਾ ਸੀ।

ਇਕ ਦੁਮ ਉਸ ਨੇ ਆਪਣੇ ਹਥੋਂ ਤਲਵਾਰ ਨੂੰ ਵਗਾਹ ਕੇ ਪਰ੍ਹਾਂ ਸੁਟਿਆ ਤੇ ਚਿੱਲ੍ਹਾ ਕੇ ਬੋਲੀ 'ਬੰਦ ਕਰੋ, ਇਹ ਤਿਆਰੀਆਂ। ਖੋਲ ਦਿਉ ਕਿਲ੍ਹੇ ਦੇ ਦਰਵਾਜੇ, ਅਸੀਂ ਬਾਹਰ ਜਾਵਾਂਗੇ, ਅਤੇ ਹਮਲਾ ਕਰਨ ਵਾਲੇ ਦੇ ਸਾਹਮਣੇ, ਸਿਰ ਝੁਕਾ ਦੇਵਾਂਗੇ'

ਮੰਤਰੀਆਂ ਨੇ ਅਸਚਰਜਤਾ ਨਾਲ ਆਖਿਆ, 'ਇਹ ਕੀ ਕਰਦੇ ਹੋ, ਰਾਣੀ ਸਾਹਿਬਾ ਹਮਲਾ ਕਾਰੀ ਅੱਗੇ ਸਿਰ ਝੁਕਾਣਾ ਸਾਡੀ ਪਰੰਪਰਾ ਦੇ ਵਿਰੁਧ ਹੈ।''

ਰਾਣੀ ਕੜਕ ਕੇ ਬੋਲੀ - ਤੁਸੀਂ ਨਹੀਂ ਜਾਣਦੇ ਅਭਾਗਿਉ। ਉਹ ਹਮਲਾਵਰ ਨਹੀਂ, ਮੇਰੇ ਗੁਰੂ ਹਨ, ਖੋਲ ਦਿਉ ਦਰਵਾਜੇ, ਅਸੀਂ ਸਾਰੇ ਬਾਹਰ ਜਾਵਾਂਗੇ।'

ਦਰਵਾਜਾ ਖੁਲ੍ਹ ਗਿਆ, ਰਾਣੀ ਘੋੜੇ ਤੇ ਚੜ ਕੇ ਬਾਹਰ ਆਈ, ਉਸ ਦੇ ਪਿਛੇ ਸਨ ਮੰਤਰੀ ਸਲਾਹਕਾਰ, ਫੌਜੀ ਅਫਸਰ ਅਤੇ ਸਿਪਾਹੀ ਦੌੜਦੇ ਹੋਏ ਘੋੜੇ ਅੱਗੇ ਵਧੇ। ਸਾਹਮਣਿਉਂ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਸਾਥੀ ਘੋੜਿਆਂ ਤੇ ਸਵਾਰ ਵਧਦੇ ਆ ਰਹੇ ਹਨ। ਅਜੇ ਕੁਝ ਫਾਸਲਾ ਸੀ। ਰਾਣੀ ਨੇ ਆਪਣੇ ਘੋੜੇ ਨੂੰ ਰੋਕਿਆ, ਥੱਲੇ ਉਤਰ ਆਈ। ਸਾਰਿਆ ਨੂੰ ਹੁਕਮ ਦਿੱਤਾ 'ਥੱਲੇ ਉਤਰੋ



www.AKJ.Org

- ਛਡ ਦਿਉ ਘੋੜੇ, ਅਸੀਂ ਪੈਦਲ ਅੱਗੇ ਜਾਵਾਂਗੇ।'

ਅਤੇ ਹੱਥ ਜੋੜ ਕੇ ਉਹ ਅੱਗੇ ਵਧੀ। ਗੁਰੂ ਜੀ ਨੂੰ ਵੇਖਦਿਆਂ ਹੀ ਜ਼ਮੀਨ ਤੇ ਝੁਕ ਗਈ। ਬਾਕੀ ਲੋਕ ਵੀ ਝੁਕ ਗਏ।

ਗੁਰੂ ਮਹਾਰਾਜ ਜੀ ਨੇ ਰਾਣੀ ਨੂੰ ਵੇਖਿਆ, ਘੋੜੇ ਤੋਂ ਉਤਰੇ ਅਤੇ ਉਸ ਦੇ ਕੋਲ ਆਏ। ਰਾਣੀ ਨੇ ਆਪਣਾ ਸਿਰ ਉਹਨਾਂ ਦੇ ਚਰਨਾਂ ਵਿਚ ਰਖ ਦਿੱਤਾ ਅਤੇ ਰੋਂਦਿਆਂ ਕਿਹਾ, 'ਤੁਹਾਡੇ ਦਰਸ਼ਨ ਹੋ ਗਏ। ਮੇਰੀ ਜਨਮ ਮਰਨ ਦੀ ਆਸ ਪੂਰੀ ਹੋ ਗਈ, ਮੈਨੂੰ ਪਤਾ ਲੱਗਾ ਕਿ 'ਤੁਸੀਂ ਜਿਤਣ ਵਾਸਤੇ ਆ ਰਹੇ ਹੋ, ਇਸ ਲਈ ਮੈਂ ਹਾਰਨ ਲਈ ਆ ਗਈ।'

ਗੁਰੂ ਮਹਾਰਾਜ ਜੀ ਨੇ ਉਸ ਨੂੰ ਆਸ਼ੀਰਵਾਦ ਦੇਂਦਿਆਂ ਕਿਹਾ 'ਉਠੋ ਰਾਣੀ! ਕੁਝ ਲੋਕੀਂ ਜਿੱਤ ਕੇ ਹਾਰ ਜਾਂਦੇ ਹਨ, ਤੁਸੀਂ ਹਾਰ ਕੇ ਜਿੱਤ ਗਏ ਹੋ।'

ਗੁਰੂ ਮਹਾਰਾਜ ਜੀ ਨੇ ਰਾਏਪੁਰ ਦੇ ਬਾਹਰ ਆਪਣੇ ਤੰਬੂ ਲਾ ਦਿੱਤੇ। ਰਾਣੀ ਨੇ ਸਾਰਿਆਂ ਦੇ ਖਾਣੇ ਆਦਿ ਦਾ ਪ੍ਰਬੰਧ ਕੀਤਾ। ਸਰਗੀ ਵੇਲੇ ਰਾਏਪੁਰ ਵਿਚ ਇਕ ਖੁਲ੍ਹੀ ਥਾਂ ਤੇ ਦੀਵਾਨ, ਸਜਿਆ, ਕੀਰਤਨ ਹੋਇਆ ਰਾਣੀ ਝੂਮ ਉਠੀ, ਸਾਰੇ ਲੋਕ ਝੂਮ ਉਠੇ।

ਗੁਰੂ ਮਹਾਰਾਜ ਜੀ ਦੇ ਜਾਣ ਦਾ ਸਮਾਂ ਹੋਇਆ ਤਾਂ ਰਾਣੀ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਗੁਰੂ ਮਹਾਰਾਜ ਜੀ ਨੂੰ ਯਾਰਾਂ ਸੌ ਰੁਪਏ ਦੀ ਥੈਲੀ ਭੇਟ ਕੀਤੀ। ਇਕ ਬੜਾ ਸੋਹਣਾ ਘੋੜਾ ਭੇਟ ਕੀਤਾ ਜਿਸ ਦੀ ਜੀਨ ਬੜੀ ਕੀਮਤੀ ਸੀ, ਪਰੰਤੂ ਉਸ ਦੀਆਂ ਅੱਖਾਂ ਦੇ ਅਥਰੂ ਨਾ ਥੱਮ੍ਹੇ, ਗੁਰੂ ਮਹਾਰਾਜ ਜੀ ਨੇ ਉਸ ਦੇ ਪੁੱਤਰ ਨੂੰ ਇਕ ਸਿਰੋਪਾ ਦਿਤਾ, ਇਕ ਤਲਵਾਰ, ਇਕ ਢਾਲ ਅਤੇ ਰਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਭੇਟ ਕਰਦੇ ਹੋਏ ਬੋਲੇ, ਰੋਵੋ ਨਹੀਂ ਰਾਣੀ! ਮੇਰਾ ਜਾਣਾ ਬਹੁਤ ਜ਼ਰੂਰੀ ਹੈ, ਪਰੰਤੂ ਇਸ ਗਰੰਥ ਸਾਹਿਬ ਵਿਚ ਮੈਂ ਹਰ ਵਕਤ ਮੌਜੂਦ ਰਹਾਂਗਾ। ਤੁਸੀਂ ਜਦ ਚਾਹੋਗੇ, ਤੁਹਾਨੂੰ ਮੇਰੀ ਆਵਾਜ਼ ਇਸ ਵਿਚ ਸੁਣਾਈ ਦੇਵੇਗੀ। ਅਜਿਹੀਆਂ ਘਟਨਾਵਾਂ ਕਿਤਨੀਆਂ ਕੁ ਮੈਂ ਸੁਣਾਵਾਂਗਾ? ਗੁਰੂ ਮਹਾਰਾਜ ਜੀ ਦੇ ਜੀਵਨ ਵਿਚ ਇਹੋ ਜਹੀਆਂ ਸੈਂਕੜੇ ਨਹੀਂ ਹਜ਼ਾਰਾਂ ਘਟਨਾਵਾਂ ਹੋਈਆਂ। ਉਹ ਜਿਧਰ ਗਏ ਲੋਕਾਂ ਨੂੰ ਆਪਣੇ ਪਿਆਰ ਨਾਲ ਅਤੇ ਆਪਣੀ ਰੂਹਾਨੀਅਤ ਨਾਲ ਜਿਤਦੇ ਚਲੇ ਗਏ। ਇਕ ਅਨੋਖੀ ਖਿੱਚ ਸੀ ਉਹਨਾਂ ਦੇ ਅੰਦਰ। ਲੋਕ ਉਹਨਾਂ ਨੂੰ ਵੇਖਦੇ ਸਾਰ ਹੀ ਸਿਰ ਝੁਕਾ ਦੇਂਦੇ। ਪਰੰਤੂ ਸਾਰੇ ਲੋਕ ਤਾਂ ਇਵੇਂ ਨਹੀਂ ਕਰਦੇ ਕੇਵਲ ਉਹ ਹੀ ਲੋਕ ਕਰਦੇ ਹਨ, ਜਿਨ੍ਹਾਂ ਦੇ ਦਿਲਾਂ ਵਿਚ, ਰੂਹਾਂ ਵਿਚ ਪਵਿਤ੍ਰਤਾ ਹੁੰਦੀ ਹੈ। ਸ਼ੀਸ਼ੇ ਵਿਚ ਆਪਦੀ ਸੂਰਤ ਉਸੇ ਨੂੰ ਨਜ਼ਰ ਆਉਂਦੀ ਹੈ, ਜਿਸ ਦੀਆਂ ਅੱਖਾਂ ਦੇਖ ਸਕਦੀਆਂ ਹਨ। ਜਿਸ ਦੀਆਂ ਅੱਖਾਂ ਵਿਚ ਰੋਸ਼ਨੀ ਹੀ ਨਾ ਹੋਵੇ, ਉਹ ਵੇਖੇਗਾ ਕੀ?

ਅਜਿਹੀਆਂ ਸਾਰੀਆਂ ਘਟਨਾਵਾਂ ਤਾਂ ਮੈਂ ਲਿਖ ਨਹੀਂ ਸਕਦਾ, ਕੇਵਲ ਇਕ ਗੱਲ ਹੋਰ ਸੁਣਾਂਦਾ ਹਾਂ :-

ਗੁਰੂ ਮਹਾਰਾਜ ਜੀ ਜਦੋਂ ਪਾਉਂਟਾ ਵਿਚ ਸਨ ਅਤੇ ਪਹਾੜੀ ਨਾਲ ਉਹਨਾਂ ਦਾ ਅਜੇ ਝਗੜਾ ਨਹੀਂ ਸੀ ਹੋਇਆ, ਤਾਂ ਰੀਵਾਲਸਰ ਵਿਚ ਇਕ ਭਾਰੀ ਮੇਲਾ ਹੋਇਆ।

ਰੀਵਾਲਸਰ ਇਕ ਸੁੰਦਰ ਪਹਾੜੀ ਝੀਲ ਹੈ। ਹਿਮਾਚਲ ਪ੍ਰਦੇਸ਼ ਦੇ ਉਸ ਇਲਾਕੇ ਵਿਚ, ਜਿਸ ਨੂੰ ਕਦੀ ਮੰਡੀ ਰਿਆਸਤ ਕਿਹਾ ਜਾਂਦਾ ਸੀ। ਚਾਰੇ ਪਾਸੇ ਪਹਾੜ ਹਨ ਅਤੇ ਉਹਨਾਂ ਦੇ ਵਿਚਕਾਰ, ਮੰਡੀ ਤੋਂ ਪੰਦਰਾਂ ਮੀਲ ਦੂਰ ਇਹ ਨੀਲੀ ਝੀਲ, ਜਿਵੇਂ ਆਕਾਸ਼ ਦਾ ਇਕ ਟੁਕੜਾ ਪਹਾੜ ਉਤੇ ਆ ਕੇ ਸੌਂ ਗਿਆ ਹੋਵੇ। ਇਸ ਝੀਲ ਵਿਚ ਆਮ ਪਹਾੜੀ ਝੀਲਾਂ ਜਹੀ ਸੁੰਦਰਤਾ ਤੋਂ ਛੁਟ, ਇਕ ਅਨੋਖੀ ਗੱਲ ਇਹ ਹੈ, ਕਿ ਇਸ ਵਿਚ ਪਹਾੜ ਤਰਦੇ ਹਨ, ਸੱਤ ਟਾਪੂ ਹਨ, ਉਹਨਾਂ ਉਤੇ ਛੋਟੇ ਛੋਟੇ ਟਿੱਲੇ। ਤੇਜ ਹਵਾ ਹੋਵੇ ਤਾਂ ਇਹ ਟਾਪੂ ਚਲਣ ਲੱਗ ਪੈਂਦੇ ਹਨ, ਅਤੇ ਝੀਲ ਦੇ ਇਕ ਕਿਨਾਰੇ ਤੋਂ ਦੂਜੇ ਕਿਨਾਰੇ ਤੇ ਪੁੱਜ ਜਾਂਦੇ ਹਨ। ਕਦੀ ਕਦੀ ਵਿਚ ਹੀ ਰੁੱਕ ਜਾਂਦੇ ਹਨ, ਕਦੀ ਕਦੀ ਇਕ ਦੂਜੇ ਦੇ ਨਾਲ ਮਿਲ ਜਾਂਦੇ ਹਨ। ਇਸ ਝੀਲ ਦੇ ਕਿਨਾਰੇ ਉਸ ਵਕਤ ਭਗਵਾਨ ਸ਼ਿਵ ਦਾ ਮੰਦਰ ਸੀ। ਭਗਵਾਨ ਲੋਸ ਦਾ ਵੀ ਜਿਸ ਨੂੰ ਭਗਵਾਨ ਬੁਧ ਦਾ ਅਵਤਾਰ ਕਿਹਾ ਜਾਂਦਾ ਹੈ। ਅਜਕਲ ਇਥੇ ਇਕ ਗੁਰਦਵਾਰਾ ਵੀ ਹੈ, ਉਸ ਥਾਂ ਤੇ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਨਾਲ ਗੱਲਬਾਤ ਕੀਤੀ ਸੀ। ਕਹਿੰਦੇ ਹਨ ਕਿ ਗੁਰੂ ਮਹਾਰਾਜ ਜੀ ਨੇ ਇਕ ਕੱਚੀ ਹਾਂਡੀ ਝੀਲ ਵਿਚ ਪਾ ਦਿਤੀ। ਉਹ ਡੁੱਬੀ ਨਹੀਂ, ਗਲੀ ਨਹੀਂ, ਤਾਂ ਗੁਰੂ ਮਹਾਰਾਜ ਜੀ ਨੇ ਕਿਹਾ, ਜੈਸੇ ਬਚੀ ਮੇਰੀ ਹੰਡੀ, ਵੈਸੇ



www.AKJ.Org

ਬਚੇਗੀ ਤੇਰੀ ਮੰਡੀ - ਮੰਡੀ ਕੋ ਜੋ ਲੁਟੇਗੇ, ਤੋ ਆਸਮਾਨੀ ਤਾਰੇ ਛੁਟੇਂਗੇ।'

ਅਤੇ ਸੱਚਮੁਚ ਹੀ ਇਹ ਇਕ ਇਤਿਹਾਸਕ ਸੱਚਾਈ ਹੈ, ਕਿ ਮੰਡੀ ਸ਼ਹਿਰ ਉਤੇ ਕਦੀ ਹਮਲਾ ਨਹੀਂ ਹੋਇਆ। ਮੰਡੀ ਦੇ ਰਾਜੇ ਤਦ ਤਕ ਸੁਰਖਿਅਤ ਰਹੇ, ਜਦ ਤਕ ਉਹਨਾਂ ਨੇ ਆਪਣੀ ਮਰਜੀ ਨਾਲ ਆਪਣੀ ਰਿਆਸਤ ਦਾ ਅੰਤ ਕਰਕੇ ਉਸ ਨੂੰ ਭਾਰਤ ਵਿਚ ਮਿਲਾ ਦੇਣਾ ਸਵੀਕਾਰ ਕਰ ਲਿਆ। ਹੁਣ ਮੰਡੀ ਹਿਮਾਚਲ ਪ੍ਰਦੇਸ਼ ਦਾ ਇਕ ਜ਼ਿਲ੍ਹਾ ਹੈ। ਰੀਵਾਲਸਰ ਇਸ ਜ਼ਿਲ੍ਹੇ ਦੀ ਬਹੁਤ ਸੁੰਦਰ ਜਗ੍ਹਾ ਹੈ। ਪ੍ਰੰਤੂ ਤੁਸੀਂ ਉਸ ਜਮਾਨੇ ਦੀ ਗਲ ਸੁਣੋ, ਜਿਸ ਦੀ ਕਹਾਣੀ ਮੈਂ ਸੁਣਾ ਰਿਹਾ ਹਾਂ।

ਇਥੇ ਮੇਲਾ ਲੱਗਾ ਤਾਂ ਮੰਡੀ ਦੇ ਰਾਜਾ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੱਦਾ ਪੱਤਰ ਦਿੱਤਾ ਕਿ ਉਹ ਵੀ ਰੀਵਾਲਸਰ ਵਿਖੇ ਆਉਣ। ਗੁਰੂ ਮਹਾਰਾਜ ਜੀ ਉਥੇ ਪਹੁੰਚੇ। ਬਾਕੀ ਰਾਜੇ ਵੀ ਪਹੁੰਚੇ। ਉਹਨਾਂ ਦੇ ਪ੍ਰਵਾਰ ਵੀ ਨਾਲ ਸਨ। ਨਾਹਨ ਦੇ ਰਾਜਾ ਦਾ ਪ੍ਰਵਾਰ ਵੀ ਉਥੇ ਸੀ। ਉਹਨਾਂ ਦੀ ਰਾਜਕੁਮਾਰੀ ਪਦਮਾ ਵੀ।' ਪਦਮਾ ਨੇ ਗੁਰੂ ਮਹਾਰਾਜ ਜੀ ਨੂੰ ਤਕਿਆ ਤਾਂ ਆਪਣਾ ਸਿਰ ਗੁਰੂ ਮਹਾਰਾਜ ਜੀ ਦੇ ਚਰਨਾ ਵਿਚ ਝੁਕਾ ਕੇ ਕਹਿਣ ਲੱਗੀ, ਮੈਂ ਵੀ ਸਿੱਖ ਬਣਾਂਗੀ ਮਹਾਰਾਜ। ਮੈਨੂੰ ਵੀ ਨਾਮ ਦਾ ਦਾਨ ਚਾਹੀਦਾ ਹੈ। ਮਹਾਰਾਜ ਨੇ ਉਸ ਨੂੰ ਸਿੱਖ ਬਣਾਉਂਦਿਆਂ ਕਿਹਾ, 'ਵਾਹਿਗੁਰੂ ਦਾ ਨਾਮ ਹੀ ਜਹਾਜ਼ ਹੈ ਬੇਟੀ! ਉਸ ਦਾ ਆਸਰਾ ਲੈ ਕੇ ਸਾਗਰ ਰੂਪੀ ਸੰਸਾਰ ਨੂੰ ਪਾਰ ਕੀਤਾ ਜਾ ਸਕਦਾ ਹੈ। ਪਦਮਾਂ ਨੂੰ ਇਉਂ ਜਾਪਿਆ ਜਿਉਂ ਸਵਰਗ ਮਿਲ ਗਿਆ ਹੋਵੇ। ਉਸ ਦੀਆਂ ਅੱਖਾਂ ਵਿਚ ਰੌਸ਼ਨੀ ਜਾਗ ਪਈ, ਦਿਲ ਵਿਚ ਬਹਾਰਾਂ ਜਾਗ ਪਈਆਂ, ਸੁੱਤੀ ਹੋਈ ਰੂਹ ਜਾਗ ਪਈ। ਦਿਨ - ਰਾਤ, ਸਵੇਰੇ - ਸ਼ਾਮ, ਹਰ ਵੇਲੇ ਉਹ ਗੁਰੂ ਮਹਾਰਾਜ ਜੀ ਦੇ ਧਿਆਨ ਵਿਚ ਇਉਂ ਰਹਿੰਦੀ ਜਿਉਂ ਰੀਵਾਲਸਰ ਦੀ ਝੀਲ, ਕੋਈ ਮਸਤੀ ਖੁਬੀ ਦੀ ਝੀਲ ਬਣ ਗਈ ਹੋਵੇ। ਪਰੰਤੂ ਉਸ ਨੇ ਸਦਾ ਤਾਂ ਰੀਵਾਲਸਰ ਵਿਚ ਰਹਿਣਾ ਨਹੀਂ ਸੀ ਅਤੇ ਨਾ ਹੀ ਗੁਰੂ ਜੀ ਨੇ ਉਥੇ ਰਹਿਣਾ ਸੀ, ਅਤੇ ਫਿਰ ਉਹ ਰਹਿੰਦੀ ਸੀ ਰਾਜ ਪ੍ਰਵਾਰ ਵਿਚ। ਦੂਸਰੇ ਰਾਜਿਆਂ ਦੀਆਂ ਰਾਣੀਆਂ ਵੀ ਉਥੇ ਆਉਂਦੀਆਂ ਸਨ। ਉਨਾ ਕੋਲੋਂ ਉਹ ਗੱਲਾਂ ਸੁਣਦੀ, ਭਿਆਨਕ ਗੱਲਾਂ, ਦਿਲ ਨੂੰ ਚੀਰ ਦੇਣ ਵਾਲੀਆਂ ਗੱਲਾਂ, ਉਹ ਇਹ ਕਿ ਕਹਿਲੂਰ ਦਾ ਰਾਜਾ ਭੀਮ ਚੰਦ ਗੁਰੂ ਮਹਾਰਾਜ ਜੀ ਨਾਲ ਬੜਾ ਨਾਰਾਜ਼ ਹੈ। ਔਰੰਗਜ਼ੇਬ ਦੇ ਏਲਚੀ ਪਹਾੜੀ ਰਾਜਿਆਂ ਦੇ ਪਾਸ ਪੁਜ ਰਹੇ ਹਨ ਅਤੇ ਮੰਗ ਕਰ ਰਹੇ ਹਨ, ਕਿ ਗੁਰੂ ਮਹਾਰਾਜ ਜੀ ਤੇ ਹਮਲਾ ਕੀਤਾ ਜਾਵੇ ਅਤੇ ਉਹਨਾਂ ਦੇ ਸਿੱਖਾਂ ਨੂੰ ਖਤਮ ਕੀਤਾ ਜਾਵੇ, ਇਹ ਜੰਗ ਹੁਣ ਟਲ ਨਹੀਂ ਸਕਦੀ, ਹੁਣ ਹੋ ਕੇ ਹੀ ਰਹੇਗੀ।

ਇਕ ਪਾਸੇ ਇਹ ਗੱਲਾਂ ਤੇ ਦੂਜੇ ਪਾਸੇ ਨਾਹਨ ਨੂੰ ਵਾਪਸ ਜਾਣ ਦੀਆਂ ਗੱਲਾਂ।

ਇਕ ਦਿਨ ਉਹ ਗੁਰੂ ਮਹਾਰਾਜ ਜੀ ਦੇ ਪਾਸ ਗਈ ਅਤੇ ਹੱਥ ਜੋੜ ਕੇ, ਸਿਰ ਨਿਵਾ ਕੇ ਕਹਿਣ ਲੱਗੀ, 'ਮਹਾਰਾਜ ਜੀ ਹੱਸਦੇ ਹੋਏ ਬੋਲੇ, 'ਹੁਣ ਕੀ ਚਾਹੀਦਾ ਹੈ ਬੇਟੀ?' ਪਦਮਾ ਨੇ ਸਿਰ ਝੁਕਾ ਕੇ ਆਖਿਆ 'ਸੁਣਨ ਵਿਚ ਆਉਂਦਾ ਹੈ ਮਹਾਰਾਜ! ਕਿ ਪਹਾੜੀ ਰਾਜੇ ਤੁਹਾਡੇ ਤੇ ਹਮਲਾ ਕਰਨਗੇ। ਤੁਹਾਡੇ ਨਾਲ ਲੜਾਈ ਹੋਵੇਗੀ। ਸੁਣਿਆ ਹੈ ਮਹਾਰਾਜ! ਕਿ ਸ਼ਾਇਦ ਮੇਰੇ ਪਿਤਾ ਜੀ ਵੀ ਇਸ ਜੰਗ ਵਿਚ ਸ਼ਾਮਲ ਹੋਣ। ਮੈਂ ਤੁਹਾਡੇ ਕੋਲੋਂ ਭਿਖਿਆ ਮੰਗਦੀ ਹਾਂ ਕਿ ਜੇ ਕਰ ਅਜਿਹੀ ਲੜਾਈ ਹੋਣੀ ਹੈ ਤਾਂ ਇਸ ਤੋਂ ਪਹਿਲਾਂ ਹੀ ਮੈਂ ਮਰ ਜਾਵਾਂ, ਮੇਰੇ ਪਿਤਾ ਜੀ ਨੇ ਜੇਕਰ ਮੇਰੇ ਗੁਰੂ ਤੇ ਹਮਲਾ ਕਰਨਾ ਹੈ ਤਾਂ ਆਪਣੀ ਬੇਟੀ ਦੀ ਲਾਸ਼ ਜਲਾਣ ਮਗਰੋਂ ਹੀ ਕਰੇ, ਪਹਿਲਾਂ ਨਹੀਂ।'

ਗੁਰੂ ਮਹਾਰਾਜ ਜੀ ਦੀਆਂ ਅੱਖਾਂ ਉਛਲ ਪਈਆਂ ਅਤੇ ਹੌਲੀ ਜਹੇ ਬੋਲੇ, ਕੀ ਮੰਗਿਆ ਹੈ, ਤੂੰ ਪਦਮਾ? ਪਰੰਤੂ ਬੇਟੀ ਮੰਗੇ ਅਤੇ ਪਿਤਾ ਦੇਵੇ ਨਾ, ਇਹ ਕਦੀ ਹੋ ਨਹੀਂ ਸਕਦਾ ਜਾ ਜਿਵੇਂ ਚਾਹੁੰਦੀ ਹੈ, ਉਵੇਂ ਹੀ ਹੋਵੇਗਾ।'

ਅਤੇ ਉਹੋ ਹੀ ਹੋਇਆ। ਭੰਗਾਣੀ ਦੀ ਜੰਗ ਤੋਂ ਪਹਿਲਾ ਪਦਮਾ ਇਸ ਸੰਸਾਰ ਤੋਂ ਚਲੀ ਗਈ।

ਭੰਗਾਣੀ ਦੀ ਜੰਗ ਕੀ ਸੀ ਅਤੇ ਕਿਵੇਂ ਹੋਈ ਹੁਣ ਅਰਜ਼ ਕਰਾਂਗਾ। (ਚਲਦਾ ਹੈ)

ਯੁਗ ਪੁਰਸ਼ 'ਚੋ

ਧੰਨਵਾਦ ਸਹਿਤ



www.AKJ.Org

# ਜੀਵਨ ਝਲਕੀਆਂ - ਡਾਕਟਰ ਸੁਰਿੰਦਰ ਸਿੰਘ ਜੀ

ਲੁਧਿਆਣੇ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਟਿਕੇ ਹੋਇਆਂ ਡਾਕਟਰ ਸੁਰਿੰਦਰ ਸਿੰਘ ਜੀ ਨੂੰ ਐਸੇ ਰੰਗ ਚਲੂਲੇ ਚੜ੍ਹੇ ਕਿ ਮਸਤਕ ਦੀ ਝਾਲ ਝੱਲੀ ਨਾ ਜਾਵੇ। ਸੁੰਦਰ ਸਜੀਲਾ ਚੇਹਰਾ ਭਾਈ ਸਾਹਿਬ ਜੀ ਦੀ ਅੰਮ੍ਰਿਤ-ਕਲਾਵੀ ਸੰਗਤ ਵਿਚ ਅਤਿਅੰਤ ਰੰਗੀਲਾ ਹੋ ਗਿਆ। ਇਥੇ ਲੋਕਲ ਸਮਾਗਮਾਂ ਵਿਚ ਅਨੋਖੀ ਅਤੇ ਅਲੌਕਿਕ ਲੈਅ ਵਿਚ ਆਪ ਨੇ ਕੀਰਤਨ ਕਰਨਾ, ਅਤੇ ਹਿਰਦੇ ਵਿਚੋਂ ਨਿਕਲੇ ਕੀਰਤਨ ਰੂਪੀ ਬਾਣ, ਅਨੇਕਾਂ ਸਤਸੰਗੀਆਂ ਨੂੰ ਬੇਧ ਜਾਇਆ ਕਰਨ। ਦਾਸਨ ਦਾਸ ਹੋਇ ਕੇ ਸੰਗਤ ਦੀ ਰੇਣਕਾ ਹੋਣ ਦਾ ਚਾਉ ਹੀ ਇਨ੍ਹਾਂ ਦੇ ਹਿਰਦੇ ਵਿਚ ਭਰਿਆ ਰਹੇ। ਨਾਮ ਦੇ ਚਲੂਲੇ ਰੰਗਾਂ ਵਿਚ ਮਖ਼ਮੂਰ ਹੋਈਆਂ ਅੱਖੀਆਂ ਅਠੌਂ ਪਹਿਰ ਅਦ੍ਰਿਸ਼ਟ ਰੰਗਾਂ ਵਿਚ ਰੰਗੀਜੀਆਂ ਰਹਿਣ, ਮਾਨੋ ਦ੍ਰਿਸ਼ਟਮਾਨ ਵਿਚ ਦੇਖਦੀਆਂ ਹੀ ਨਹੀਂ। ਖਾਣ ਪੀਣ ਤਕ ਦੀ ਸੁਧ ਬੁਧ ਭੁਲ ਗਈ, ਪੁਸ਼ਾਕੇ ਸਜਾਉਣ ਦੀਆਂ ਸਾਰੀਆਂ ਸ਼ੁਕੀਨੀਆਂ ਵਿਸਰ ਗਈਆਂ, ਗੁਰਮੁਖੀ ਸਿੰਘਤ ਬਾਣਾ ਹੀ ਸੱਜਿਆ ਰਹੇ। ਤੇੜ ਕਛਹਿਰਾ, ਗਲ ਸਾਦੀ ਜਿਹੀ ਖਦਰ ਦੀ ਕਮੀਜ਼, ਉਪਰ ਗਾਤਰੇ ਵਾਲੀ ਕਿਰਪਾਨ, ਸੀਸ ਤੇ ਗੁਰਮੁਖੀ ਦਸਤਾਰਾ। ਅੱਜ ਭਾਵੇਂ ਡਾਕਟਰ ਜੀ ਸਾਡੇ ਪਾਸ ਨਹੀਂ ਹਨ, ਪਰ ਉਹਨਾਂ ਦੇ ਰੰਗ-ਰਤੜੇ-ਕੀਰਤਨ ਦੀਆਂ ਗੂੰਜਾਂ ਹੁਣ ਵੀ ਸਰੋਤਿਆਂ ਨੂੰ ਅਨੰਦ-ਲਹਿਰੇ ਦੇ ਜਾਂਦੀਆਂ ਹਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਆਪ ਜੀ ਨੇ ਮਨ ਵਿਚ ਏਨਾ ਸਤਿਕਾਰ ਸੀ ਕਿ ਜੇ ਕਿਸੇ ਸਿੰਘ ਨੂੰ ਭਾਈ ਸਾਹਿਬ ਜੀ ਦੀ ਸ਼ਖ਼ਸ਼ੀਅਤ ਜਾਂ ਲਿਖਤਾਂ ਦੇ ਵਿਰੁਧ ਮਾੜਾ ਬੋਲਦੇ ਸੁਣ ਲੈਂਦੇ ਤਾਂ ਉਸ ਨਾਲ ਬਚਨ ਕਰਨ ਦੀ ਗੱਲ ਤਾਂ ਕਿਤੇ ਰਹੀ, ਉਸ ਦਾ ਪ੍ਰਛਾਵਾਂ ਤੱਕ ਲੈਣ ਤੋਂ ਵੀ ਦੂਰ ਰਹਿੰਦੇ। ਜਦੋਂ ਭਾਈ ਸਾਹਿਬ ਜੀ ਆਖਰੀ ਵਰ੍ਹਿਆਂ ਵਿਚ ਸਰੀਰ ਕਰਕੇ ਕੁਝ ਖੇਦ ਵਿਚ ਸਨ ਤਾਂ ਡਾਕਟਰ ਜੀ ਨੇ ਨਿਤ ਸਵੇਰੇ ਸ਼ਾਮ ਭਾਈ ਸਾਹਿਬ ਜੀ ਦੀ ਖ਼ਬਰ-ਸੁਰਤ ਨੂੰ ਜਾਣਾ। ਦੱਸਿਆ ਜਾਂਦਾ ਹੈ ਕਿ ਆਪ ਜੀ ਨੇ ਮਲਕੜੇ ਜਿਹੇ ਭਾਈ ਸਾਹਿਬ ਜੀ ਦੇ ਆਰਾਮ ਕਮਰੇ ਦੇ ਬਾਹਰ ਉਨਾ ਚਿਰ ਹੱਥ ਜੋੜ, ਨੀਵੀਂ ਪਾ ਰੁਕੇ ਰਹਿਣਾ, ਜਦ ਤਕ ਕਿ ਭਾਈ ਸਾਹਿਬ ਆਪ ਮੁਹਾਰੇ ਹੀ ਆਪ ਜੀ ਨੂੰ ਆਵਾਜ਼ਾਂ ਨਹੀਂ ਸਨ ਮਾਰਦੇ। ਆਵਾਜ ਸੁਣ ਕੇ ਭਾਈ ਸਾਹਿਬ ਜੀ ਪਾਸ ਪੁਜਣਾ, ਬਚਨ ਕੋਈ ਨਾ ਕਰਨਾ ਅਤੇ ਕੁਝ ਸਮੇਂ ਬਾਅਦ ਬੈਰਾਗੀ ਅਵਸਥਾ ਵਿਚ ਹੀ ਬਾਹਰ ਜਾਣਾ। ਸਤਿਗੁਰ ਜਾਣਨ ਅੰਤਰ-ਆਤਮੇ ਮਿਲੇ ਹੋਏ ਦਿਲਾਂ ਦੀਆਂ ਗੱਲਾਂ, ਪਰ ਸਾਡੇ ਜਿਹੇ ਅਗਿਆਨੀ ਰਾਹੀਆਂ ਦੇ ਪਿੜ ਪੱਲੇ ਤਾਂ ਕੁਝ ਨਹੀਂ ਸੀ ਪੈਂਦਾ। ਜਦੋਂ ਡਾਕਟਰ ਜੀ ਨੇ ਚਲੇ ਜਾਣਾ ਤਾਂ ਭਾਈ ਸਾਹਿਬ ਜੀ ਕਈ ਵੇਰਾਂ ਕਿਹਾ ਕਰਦੇ ਕਿ ਅਸਲੀ ਪਤਾ ਤਾਂ ਮੇਰਾ ਸੁਰਿੰਦਰ ਸਿੰਘ ਹੀ ਲੈਣ ਆਉਂਦਾ ਹੈ।

ਭਾਈ ਸਾਹਿਬ ਦੇ ਵੇਲੇ ਵੀ ਅਤੇ ਬਾਅਦ ਵਿਚ ਵੀ ਆਪ ਜੀ ਹਰ ਪੋਹ ਸੁਦੀ ਸੱਤਵੀਂ ਦੇ ਸਮਾਗਮਾਂ ਵਿਚ ਹਾਜ਼ਰ ਪਾਏ ਜਾਂਦੇ। ਹਰ ਤਰ੍ਹਾਂ ਦੀ ਸੇਵਾ ਵਿਚ ਤਤਪਰ ਰਹਿੰਦੇ। ਪੋਹ ਸੁਦੀ ਸੱਤਵੀਂ ਅਤੇ ਹੋਰ ਸਮਾਗਮਾਂ ਦੇ ਕਈ ਅਲੌਕਿਕ ਚਮਤਕਾਰ ਕਈ ਵੀਰਾਂ ਦੇ ਹਿਰਦਿਆਂ ਵਿਚ ਟਿਕੇ ਹੋਏ ਹਨ। ਇਕੇਰਾਂ ਦਾ ਜ਼ਿਕਰ ਹੈ ਕਿ ਪੋਹ ਸੁਦੀ ਸਪਤਮੀ ਦੀ ਰੈਣ ਸਬਾਈ ਕੀਰਤਨ ਵਿਚ ਆਪ ਜੀ ਨੂੰ ਸੱਦ ਪਈ। ਆਪ ਜੀ ਮਸਤਾਨੇ ਰੰਗਾਂ ਵਿਚ ਆਏ ਅਤੇ ਨਿਮਰੀਭੂਤ ਅਵਸਥਾ ਵਿਚ ਬੜੀ ਪਿਆਰੀ ਅਤੇ ਮਿਠੀ ਸੁਰ ਵਿਚ ਗੁਰਬਾਣੀ



www.AKJ.Org

ਦਾ ਸ਼ਬਦ ਲਿਆ । ਵਾਜੇ ਅਗੇ ਬੈਠਦਿਆਂ ਇਉਂ ਲਗਦਾ ਸੀ ਜਿਵੇਂ ਕਿ ਉਹ ਵਾਜੇ ਦੀਆਂ ਸੁਰਾਂ ਨਾਲ ਇਕ ਮਿਕ ਹੋ ਗਏ ਹੁੰਦੇ ਹਨ । ਬੜੇ ਹੀ ਵਜਦ ਵਿਚ ਆ ਕੇ ਤਿਲੰਗ ਰਾਗ ਦੇ ਸ਼ਬਦ ਦੀਆਂ ਇਹ ਤੁਕਾਂ ਲਈਆਂ -

ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ ॥

ਤਿਲੰਗ ਮਹਲਾ ੧, ਪੰਨਾ ੭੨੫

ਸ਼ਬਦ ਅਰੰਭ ਕਰਨ ਦੀ ਦੇਰ ਸੀ ਕਿ ਸਾਰਾ ਕੀਰਤਨ ਅਖਾੜਾ ਕਿਸੇ ਅਲੌਕਿਕ ਰੰਗ ਵਿਚ ਰੰਗੀਜਿਆ ਗਿਆ । ਇਉਂ ਪ੍ਰਤੀਤ ਹੋਵੇ ਕਿ ਜਿਵੇਂ ਡਾਕਟਰ ਜੀ ਆਪਣੀ ਮਿਠੀ ਅਤੇ ਧੀਮੀ ਜਿਹੀ ਆਵਾਜ਼ ਵਿਚ ਆਪਣੇ ਪਿਆਰੇ ਪ੍ਰੀਤਮ ਦਾ ਕੋਈ ਪਿਆਰ ਭਰਿਆ ਪ੍ਰਸੰਗ, ਰੱਬੀ ਰੰਗਾਂ ਦੇ ਅਨਿਆਲੇ ਬਾਣਾਂ ਵਿਚ ਪ੍ਰੋ ਕੇ ਅਲਾਪ ਰਹੇ ਹਨ । ਅਰੰਭ ਦੀਆਂ ਤੁਕਾਂ -

ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥
ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥੧॥

ਭਾਵ ਸਪਸ਼ਟ ਹੁੰਦਾ ਜਾ ਰਿਹਾ ਸੀ ਕਿ ਜਿਸ ਪਿਆਰੇ ਪ੍ਰਭੂ ਨੇ ਇਹ ਸੰਸਾਰ ਉਪਾਇਆ ਹੈ, ਉਹ ਆਪ ਹੀ ਇਸਦੀ ਦੇਖ ਰੇਖ ਕਰ ਰਿਹਾ ਹੈ, ਉਸ ਪਿਆਰੇ ਪ੍ਰੀਤਮ ਦੀ ਕਥਾ ਕੀ ਤੇ ਕਿਵੇਂ ਦਸੀਏ ! ਜਿਸ ਦਾਤੇ ਨੇ ਸੰਸਾਰ ਵਾੜੀ ਰਚੀ ਹੈ, ਉਹ ਆਪ ਹੀ ਆਪਣੀ ਅਕੱਥ ਕਥਾ ਜਾਣਦਾ ਹੈ, ਨਾਲ ਦੀ ਰਹਾਉ ਦੀ ਤੁਕ, ਜਿਸ ਦੇ ਦੁਆਲੇ ਸਾਰਾ ਸ਼ਬਦ ਘੁੰਮ ਰਿਹਾ ਹੈ -

ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ ॥ਰਹਾਉ॥

ਕਥਨ ਹੈ, ਪਿਆਰੇ ਦਾ ਕਥਨ ਹੈ । ਇਸ ਕਥਨ ਦੇ ਸੁਣਨ ਨਾਲ ਸਦੈਵੀ ਸੁਖ ਮਾਣੀਦਾ ਹੈ । ਪਿਆਰੇ ਦੇ ਇਸ ਕਥਨ ਦਾ, ਇਸ ਪ੍ਰੇਮ ਕਥਾ ਦਾ ਅਲਾਪ ਕਰਦਿਆਂ ਅਜੀਬ ਜਹੇ ਰੰਗ ਬਝ ਰਹੇ ਹਨ, ਜਦ ਕਿ ਡਾਕਟਰ ਜੀ ਨੇ ਅਗਲੀਆਂ ਤੁਕਾਂ ਰਾਹੀਂ ਸਭ ਨੂੰ ਸਾਵਧਾਨ ਕਰ ਦਿਤਾ ਕਿ -

ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥
ਹਾਥ ਮਰੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥੨
ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥

ਮੇਰੇ ਪਿਆਰੇ ਦੀ ਇਸ ਸੁਖਦਾਈ ਕਥਾ ਤੋਂ, ਪ੍ਰਭੂ-ਰੰਗ ਤੋਂ ਵਿਛੜੇ ਹੋਏ ਕੋਰੇ ਹੀ ਰਹਿ ਜਾਂਦੇ ਹਨ ਅਤੇ ਉਨ੍ਹਾਂ ਦੇ ਪਲੇ ਪਛਤਾਵਾ ਹੀ ਪਛਤਾਵਾ ਰਹਿ ਜਾਂਦਾ ਹੈ, ਹੱਥ ਮਲਦਿਆਂ ਤੇ ਸਿਰ ਧੁਨਦਿਆਂ ਹੀ ਉਨ੍ਹਾਂ ਦੀ ਅਰਬਲਾ ਵਿਹਾ ਜਾਂਦੀ ਹੈ । ਫਿਰ ਅਗਲੀ ਤੁਕ ਵਿਚ ਪ੍ਰੇਰਨਾਂ ਰੂਪ ਵਿਚ ਆਪ ਜੀ ਇਉਂ ਕੂਕਦੇ ਹਨ -

ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥੩॥

ਫਿਰ ਰਤਾ ਅਗੇ ਤੁਰਦੇ ਹਨ ਤੇ ਇਸ ਭਾਵ ਵਿਚ ਜੁੜ ਜਾਂਦੇ ਹਨ -



www.AKJ.Org

ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀਏਹ ॥
ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ ॥੪॥

ਰੰਗ-ਰਤੀਆਂ ਸੁਹਾਗਣਾਂ ਦੇ ਸਾਹਮਣੇ ਆਪਣੇ ਆਪ ਨੂੰ ਤੁਛ ਸਮਝਦੇ ਹੋਏ, ਆਪਣੀ ਹੀਣਤਾ ਤੇ ਊਣਤਾ ਜਿਹੀ ਦੀ ਬੇਬਸੀ ਵਿਚ ਬਿਹਚਲ ਹੋ ਕੇ ਫਿਰ ਇਉਂ ਜੋਦੜੀ ਕਰਦੇ ਹਨ -

ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ ॥
ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ ॥੫॥

ਇਉਂ ਜੋਦੜੀਆਂ ਕਰਦੇ ਕਰਦੇ, ਕਈ ਤੁਕਾਂ ਦਾ ਰਸ ਮਾਣਦੇ ਹੋਏ ਜਦੋਂ ਇਥੇ ਪੁਜਦੇ ਹਨ -

ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥
ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥੬॥

ਇਥੇ ਪੁਜ ਕੇ ਤਾਂ ਡਾਕਟਰ ਜੀ ਦੇ ਬੈਰਾਗ ਦੀਆਂ ਕਾਂਗਾਂ ਵਿਚ ਇਕ ਹੜ੍ਹ ਜਿਹਾ ਆ ਜਾਂਦਾ ਹੈ ਅਤੇ ਉਹ ਮੁੜ ਮੁੜ ਆਪਣੇ ਆਪ ਨੂੰ ਕੋਸਦੇ ਹੋਏ ਇਉਂ ਬਾਣੀ ਦੇ ਤੀਰ ਮਾਰੀ ਜਾਂਦੇ ਹਨ -

ਪਾਨਾ ਵਾੜੀ ਹੋਇ ਘਰਿ, ਖਰੁ ਸਾਰ ਨ ਜਾਣੈ ॥
ਪਾਨਾ ਵਾੜੀ ਹੋਇ ਘਰਿ, ਖਰੁ——
ਪਾਨਾ ਵਾੜੀ

ਅਤੇ ਫਿਰ ਇਸ ਬੁਝਾਰਤ ਨੂੰ ਅਗਲੀ ਤੁਕ ਨਾਲ ਖੋਲ੍ਹਦੇ ਹਨ -
ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥

ਰਸੀਆ ਹੋਵੈ ਮੁਸਕ ਕਾ ਨੂੰ ਸਹਿਜੇ ਸਹਿਜੇ ਅਲਾਪਦੇ ਅਲਾਪਦੇ ਉਹ ਬਿਸਮਾਦ ਰੰਗਾਂ ਵਿਚ ਜਾ ਵਿਚਰਦੇ ਹਨ ਅਤੇ ਇਸ ਤੁਕ 'ਰਸੀਆ ਹੋਵੈ ਮੁਸਕ ਕਾ' ਵਿਚ ਹੀ ਐਸੇ ਗੜੂੰਦ ਹੋ ਜਾਂਦੇ ਹਨ ਕਿ ਆਪ ਭੀ ਸੁੰਨ ਸਮਾਧ ਵਿਚ ਚਲੇ ਜਾਂਦੇ ਹਨ ਅਤੇ ਸਾਰੀ ਸੰਗਤ ਵਿਚ ਭੀ 'ਸੁੰਨ ਮੁੰਨ ਨਗਰੀ ਭਈ' ਵਾਲੀ ਦਸ਼ਾ ਵਾਪਰ ਕੇ ਚੁਪ ਦਾ ਸੱਨਾਟਾ ਜਿਹਾ ਛਾ ਜਾਂਦਾ ਹੈ। ਕਿੰਨਾ ਚਿਰ ਹੀ ਇਹ ਸੁੰਨ ਅਵਸਥਾ ਉਸ ਕੀਰਤਨ ਮੰਡਲ ਵਿਚ ਛਾਈ ਰਹੀ। ਵਾਹਿਗੁਰੂ ਪਿਤਾ ਜੀ ਦੇ ਕੌਤਕੀ ਕ੍ਰਿਸ਼ਮੇ ਸਦਕਾ ਡਾਕਟਰ ਜੀ ਤਾਂ ਇਸ ਤੁਕ ਵਿਚ ਲੀਨ ਹੋਏ ਮੁਸ਼ਕ ਝਕੋਲੇ ਗਏ ਅਤੇ ਪਤਾ ਨਹੀਂ ਕਿੰਨਾ ਚਿਰ ਉਹ ਕਿਨ੍ਹਾਂ ਮੰਡਲਾਂ ਵਿਚ ਘੁੰਮਦੇ ਰਹੇ। ਭਲਾ ਪ੍ਰੀਤਮ ਦੇ ਦੇਸ਼ ਚੋ ਕਿਵੇਂ ਮੁੜੇ! ਇਨ੍ਹਾਂ ਮਸਤੂਲ ਮਸਤ ਰੰਗਾ ਵਿਚ ਸਾਰੀ ਸੰਗਤ ਅਨੰਦਗਤ ਹੋਈ 'ਵਾਹਿਗੁਰੂ' ਵਾਹਿਗੁਰੂ' ਦਾ ਜਾਪ ਕਰ ਰਹੀ ਸੀ, ਦੂਜੇ ਬੰਨੇ ਪ੍ਰੇਮ ਕਸਾਈਆਂ ਅਖੜੀਆਂ ਨਾ ਖੁਲ੍ਹਣ, ਨਾ ਝਮਕਣ, ਸੰਗਤ ਢਕੋ ਢਕੀ ਜੁੜੀ ਰੰਗ ਮਾਣ ਰਹੀ ਸੀ। ਅਖ਼ੀਰ ਅੰਤਲੀਆਂ ਦੋ ਤੁਕਾਂ ਸੰਗਤ ਨੇ ਰਲ ਕੇ ਪੂਰੀਆਂ ਕੀਤੀਆਂ। ਡਾਕਟਰ ਜੀ ਦੀ ਲਿਵ ਓਵੇਂ ਹੀ ਲਗੀ ਰਹੀ ਅਤੇ 'ਮੈਂ ਨੀਰੁ ਵਹੇ ਵਹਿ ਚਲੈ ਜੀਉ' ਦੇ ਪਰਤੱਖ ਖੇੜੇ ਖਿੜੇ ਰਹੇ।

ਵੱਲੋਂ

ਸੰਪਾਦਕ



www.AKJ.Org

# ਗਉੜੀ
# ਸੁਖਮਨੀ

੧) ਮਨ ਕਾਮਨਾ ਤੀਰਥ ਦੇਹ ਛੁਟੈ ॥
ਗਰਬੁ ਗੁਮਾਨੁ ਨ ਮਨ ਤੇ ਹੁਟੈ॥
੨) ਸੋਚ ਕਰੈ ਦਿਨਸੁ ਅਰੁ ਰਾਤਿ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥
੩) ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥
ਮਨ ਤੇ ਕਬਹੂ ਨ ਬਿਖਿਆ ਟਰੈ ॥
੪) ਜਲਿ ਧੋਵੈ ਬਹੁ ਦੇਹ ਅਨੀਤਿ ॥
ਸੁਧ ਕਹਾ ਹੋਇ ਕਾਚੀ ਭੀਤਿ ॥
੫) ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥
ਨਾਨਕ ਨਾਮਿ ਉਧਰੇ ਪਤਤਿ ਬਹੁ ਮੂਚ ॥੩॥

❋❋❋❋

੧) ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥
ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ ॥
੨) ਭੇਖ ਅਨੇਕ ਅਗਨਿ ਨਹੀ ਬੁਝੈ ॥
ਕੋਟਿ ਉਪਾਵ ਦਰਗਹ ਨਹੀ ਸਿਝੈ ॥
੩) ਛੂਟਸਿ ਨਾਹੀ ਊਭ ਪਇਆਲਿ ॥
ਮੋਹਿ ਬਿਆਪਹਿ ਮਾਇਆ ਜਾਲਿ ॥
੪) ਅਵਰ ਕਰਤੂਤਿ ਸਗਲੀ ਜਮੁ ਡਾਨੈ ॥
ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥
੫) ਹਰਿ ਕਾ ਨਾਮੁ ਜਪਤ ਦੁਖੁ ਜਾਇ ॥
ਨਾਨਕ ਬੋਲੈ ਸਹਿਜ ਸੁਭਾਇ ॥

❋❋❋❋



www.AKJ.Org

# ਕਾਵਿ ਅਨੁਵਾਦ

੧) ਜੇ ਕੋਈ ਚਾਹਵੇ ਤੀਰਥ ਜਾ ਕੇ, ਐ ਮਨ ਮੇਰੇ ਨਿਕਲਣ ਪ੍ਰਾਨ ॥
ਏਸ ਤਰ੍ਹਾਂ ਵੀ ਜਾਂਦਾ ਨਹੀ ਪਰ, ਪਿਆਰੇ ਮਨ ਦਾ ਗਰਭ ਗੁਮਾਨ ॥
੨) ਨਿਸ ਦਿਨ ਬੰਦਾ ਸੋਚ ਕਰੇ ਜੇ, ਦਿਲ ਵਿਚ ਕਰਦਾ ਰਹੇ ਵਿਚਾਰ ॥
ਤਨ ਦੇ ਧੋਤਿਆਂ ਜਾਂਦੇ ਨਹੀਂ ਪਰ, ਉੱਕਾ ਮਨ ਦੇ ਮੈਲ ਵਿਕਾਰ ॥
੩) ਇਸ ਦੇਹੀ ਨੂੰ ਸਾਧਨ ਖਾਤਰ, ਬੰਦਾ ਯਤਨ ਅਨੇਕਾਂ ਲਾਵੈ ॥
ਮਨ ਦੇ ਉਤੋਂ ਕਦੇ ਵੀ ਐਪਰ, ਮਾਇਆ ਦਾ ਪ੍ਰਭਾਵ ਨਾ ਜਾਵੇ ॥
੪) ਨਾਸਵੰਤ ਇਸ ਤਨ ਦੇ ਤਾਂਈ, ਜੇ ਬੰਦਾ ਮਲ ਮਲ ਕੇ ਧੋਵੇ ॥
ਫਿਰ ਵੀ ਤਨ ਦੀ ਕੰਧ ਇਹ ਕੱਚੀ, ਪਿਆਰੇ ਮੂਲ ਨਾ ਨਿਰਮਲ ਹੋਵੇ ॥
੫) ਐ ਮਨ ਉਸ ਪ੍ਰਭ ਦੀ ਮਹਿਮਾ ਦਾ, ਆਉਂਦਾ ਨਹੀਂ ਕੁਝ ਅੰਤ ਸ਼ੁਮਾਰ ॥
ਸਤਿਗੁਰ ਨਾਮ ਪ੍ਰਭੂ ਦਾ ਜਪ ਕੇ, ਤਰ ਗਏ ਪਤਿਤ ਅਨੇਕਾਂ ਵਾਰ ॥

# ਕਾਵਿ ਅਨੁਵਾਦ

੧) ਨਰ ਜਿਤਨੀ ਚਤਰਾਈ ਕਰਦਾ, ਓਨਾ ਵਿਆਪੈ ਮਨ ਦਾ ਭੈ ॥
ਬੇਸ਼ਕ ਜਤਨ ਅਨੇਕਾਂ ਕਰ ਲੈ, ਤ੍ਰਿਸਨਾ ਫੇਰ ਨਾ ਰਜਦੀ ਹੈ ॥
੨) ਤ੍ਰਿਸਨਾ ਅਗਨ ਬੁਝੈ ਨਾ ਉੱਕਾ, ਚਾਹੇ ਭੇਖ ਅਨੇਕ ਧਰੋ ॥
ਕ੍ਰੋੜ ਜਤਨ ਕਰਕੇ ਦਰਗਾਹ ਵਿਚ, ਨਰ ਨਹੀਂ ਸੁਰਖੁਰੂ ਸਕਦਾ ਹੋ ॥
੩) ਚੜ੍ਹ ਜਾਵੇ ਆਕਾਸ਼ ਤੇ ਭਾਵੇਂ, ਜਾਂ ਪਾਤਾਲ 'ਚ ਧਮ ਜਾਵੇ ॥
ਮੋਹ ਮਾਇਆ ਦੇ ਜਾਲ 'ਚ ਪਿਆਰੇ, ਫਿਰ ਵੀ ਬੰਦਾ ਫਸ ਜਾਵੇ ॥
੪) ਹਰ ਕਰਤੂਤ ਕਰਨ ਤੇ ਐ ਮਨ, ਧਰਮ ਰਾਜ ਡੰਨ ਲਾਉਂਦਾ ਹੈ ॥
ਧਰਮ ਰਾਜ ਦੇ ਕਹਿਰ ਤੋਂ ਪਿਆਰੇ, ਪ੍ਰਭ ਦਾ ਨਾਮ ਬਚਾਉਂਦਾ ਹੈ ॥
੫) ਨਾਮ ਹਰੀ ਦਾ ਮਿਸਰਨ ਕਰਨਾ, ਸਾਰੇ ਦੁੱਖ ਮਿਟਾਉਂਦਾ ਹੈ ॥
ਸਤਿਗੁਰ ਬੋਲੇ ਉਹ ਅਡੋਲ ਨਰ, ਸਹਿਜ ਅਵਸਥਾ ਪਾਉਂਦਾ ਹੈ ॥



www.AKJ.Org

੧) ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥
੨) ਜੋ ਕੋ ਆਪੁਨਾ ਦੂਖੁ ਮਿਟਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥
੩) ਜੇ ਕੋ ਅਪੁਨੀ ਸੋਭਾ ਲੋਰੈ ॥
ਸਾਧ ਸੰਗਿ ਇਹ ਹਉਮੈ ਛੋਰੈ ॥
੪) ਜੋ ਕੋ ਜਨਮ ਮਰਣ ਤੇ ਡਰੈ ॥
ਸਾਧ ਜਨਾ ਕੀ ਸਰਨੀ ਪਰੈ ॥
੫) ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥
ਨਾਨਕ ਤਾਕੈ ਬਲਿ ਬਲਿ ਜਾਸਾ ॥੫॥

❋ ❋ ❋ ❋

੧) ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥
ਸਾਧ ਸੰਗਿ ਜਾਕਾ ਮਿਟੈ ਅਭਿਮਾਨੁ ॥
੨) ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ ਸਭ ਤੇ ਊਚਾ ॥
੩) ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥
੪) ਮਨ ਅਪੁਨੇ ਤੇ ਬੁਰਾ ਮਿਟਾਨਾ ॥
ਪੇਖੈ ਸਗਲ ਸ੍ਰਿਸਟਿ ਸਾਜਨਾ ॥
੫) ਸੂਖ ਦੂਖ ਜਨ ਸਮ ਦ੍ਰਿਸਟੇਤਾ ॥
ਨਾਨਕ ਪਾਪ ਪੁੰਨ ਨਹੀਂ ਲੇਪਾ ॥੬॥


www.AKJ.Org

## ਅਨੁਵਾਦ

੧) ਧਰਮ, ਅਰਥ ਤੇ ਮੋਖ, ਕਾਮ ਇਹ, ਜੇ ਕੋਈ ਚਾਰ ਪਦਾਰਥ ਚਾਹਵੇ ॥
ਐ ਮਨ ਉਹ ਨਰ ਸੰਤ ਜਨਾਂ ਦੀ, ਸੇਵਾ ਦੇ ਵਿਚ ਜੀਵਨ ਲਾਵੇ ॥
੨) ਜੇ ਕੋਈ ਚਾਹੁੰਦਾ ਜੀਵਨ ਦੇ ਵਿਚ, ਦੁਖ ਨਾ ਮੇਰੇ ਨੇੜੇ ਆਵੇ ॥
ਐ ਮਨ ਉਹ ਨਰ ਮਨ ਚਿਤ ਲਾ ਕੇ, ਹਰ ਹਰ ਨਾਮ ਹਮੇਸ਼ਾ ਗਾਵੈ ॥
੩) ਜੇ ਕੋਈ ਪ੍ਰਾਨੀ ਇਸ ਦੁਨੀਆ ਵਿਚ, ਸੋਭਾ ਜਾਂ ਵਡਿਆਈ ਚਾਹਵੈ ॥
ਉਹ ਨਰ ਕਰੇ ਸਾਧ ਦੀ ਸੰਗਤ, ਹਉਮੈਂ ਦੇ ਨੇੜੇ ਨਾ ਜਾਵੈ ॥
੪) ਜਿਸ ਪ੍ਰਾਨੀ ਨੂੰ ਜਨਮ ਮਰਨ ਦੇ ਚੱਕਰ ਤੋਂ, ਸੱਚ ਮੁੱਚ ਡਰ ਆਵੇ ॥
ਐ ਮਨ ਉਹ ਨਰ ਸੰਤ ਜਨਾਂ ਦੀ, ਸਰਨੀ ਪੈ ਕੇ ਜਨਮ ਬਤਾਵੈ ॥
੫) ਐ ਮਨ ਪ੍ਰਭ ਦਰਸ਼ਨ ਦਾ ਪਿਆਸਾ, ਜੇ ਕੋਈ ਮੈਨੂੰ ਨਜ਼ਰੀਂ ਆਵੇ ॥
ਸਤਿਗੁਰ ਮੇਰਾ ਦਿਲ ਉਸ ਉੱਤੇ, ਵਾਰ ਵਾਰ ਬਲਹਾਰੀ ਜਾਵੇ ॥

## ਅਨੁਵਾਦ

੧) ਉਸ ਪ੍ਰਾਨੀ ਨੂੰ ਇਸ ਦੁਨੀਆਂ ਵਿਚ, ਸਭ ਤੋਂ ਵੱਡਾ ਸਮਝੋ ਪਿਆਰੇ ॥
ਜਿਹੜਾ ਸਤ ਸੰਗਤ ਵਿਚ ਰਹਿ ਕੇ, ਦਿਲ ਚੋਂ ਗਰਭ ਗੁਮਾਨ ਨੂੰ ਮਾਰੇ ॥
੨) ਜੋ ਪ੍ਰਾਨੀ ਇਸ ਦੁਨੀਆਂ ਦੇ ਵਿਚ, ਖੁਦ ਨੂੰ ਸਭ ਤੋਂ ਨੀਚ ਕਹਾਵੈ ॥
ਉਹ ਹੀ ਬੰਦਾ ਇਸ ਦੁਨੀਆਂ ਤੇ, ਸਭ ਤੋਂ ਉਚੀ ਪਦਵੀ ਪਾਵੇ ॥
੩) ਜੋ ਪ੍ਰਾਨੀ ਦੁਨੀਆਂ ਵਿਚ ਖੁਦ ਨੂੰ, ਚਰਨ ਧੂੜ ਹਰ ਇਕ ਦੀ ਜਾਣੇਂ ॥
ਉਹ ਬੰਦਾ ਹੀ ਕਣ ਕੱਣ ਅੰਦਰ, ਮੇਰੇ ਪ੍ਰਭੂ ਦਾ ਨੂਰ ਪਛਾਣੇਂ ॥
੪) ਜਿਸ ਨੇ ਆਪਣੇ ਮਨ ਦੇ ਵਿਚੋਂ, ਕਰ ਦਿੱਤੀ ਹੈ ਖ਼ਤਮ ਬੁਰਾਈ ॥
ਉਸਨੂੰ ਸਮਝੋ ਖ਼ਲਕਤ ਸਾਰੀ, ਰੂਪ ਸੱਜਣ ਦਾ ਨਜ਼ਰੀਂ ਆਈ ॥
੫) ਜਿਸ ਬੰਦੇ ਨੇ ਇਸ ਦੁਨੀਆਂ ਵਿਚ, ਸੁੱਖ ਦੁੱਖ ਇਕ ਸਮਾਨ ਸਮਝਿਆ ॥
ਉਸ ਬੰਦੇ ਤੇ ਪੁੰਨ ਪਾਪ ਦਾ, ਸਤਿਗੁਰ ਅਸਰ ਕਦੇ ਨਹੀਂ ਹੋਇਆ ॥

ਸ਼੍ਰੋਮਣੀ ਕਵੀ ਅਨੂਪ ਸਿੰਘ ਨੂਰੀ
*ਮੈਨੇਜਰ ਬੇਬੇ ਨਾਨਕੀ ਗੁਰਦੁਆਰਾ ਸੁਲਤਾਨਪੁਰ ਲੋਧੀ*



www.AKJ.Org

# ਚੋਣਾਂ ਵਿਚ ਨਸ਼ਿਆਂ ਦੀ ਵਰਤੋਂ ਕਿਵੇਂ ਰੋਕੀਏ ?

ਪ੍ਰੋ: ਸਰਬਜੀਤ ਸਿੰਘ

ਪੰਜਾਬ ਵਿਚ ਵਗਦੀ ਨਸ਼ਿਆਂ ਦੀ ਹਨੇਰੀ ਸਭਨਾਂ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਹਰ ਸੂਝ ਭਰੀ ਇਕੱਤਰਤਾ ਵਿਚ ਇਸ ਦਾ ਜ਼ਿਕਰ ਹੋਣਾ ਸ਼ੁਰੂ ਹੋ ਚੁੱਕਾ ਹੈ। ਜਿਹਨਾਂ ਦੇ ਪਰਿਵਾਰ ਵਿਚ ਜਾਂ ਰਿਸ਼ਤੇਦਾਰੀ ਤੇ ਦੋਸਤਾਂ ਮਿੱਤਰਾਂ ਵਿਚ ਅਜਿਹੀ ਬਿਮਾਰੀ ਦਾ ਸ਼ਿਕਾਰ ਮਰੀਜ ਹਨ ਉਹਨਾਂ ਦੀ ਤਾਂ ਇਹ ਹੋਰ ਵੀ ਦੁੱਖ ਭਰੀ ਦਾਸਤਾਨ ਹੈ।

ਦੂਜੇ ਪਾਸੇ ਵੱਡੀ ਗਿਣਤੀ ਵਿਚ ਸੰਸਥਾਵਾਂ ਤੇ ਲੋਕਾਂ ਨੇ ਨਸ਼ੇ ਰੋਕਣ ਅਤੇ ਇਹਨਾਂ ਦਾ ਇਲਾਜ ਕਰਨ ਦਾ ਵੀ ਬੀੜਾ ਚੁਕਿਆ ਹੋਇਆ ਹੈ। ਥਾਂ-ਥਾਂ ਤੇ ਲੈਕਚਰ, ਨਸ਼ਾ ਛੁਡਾਊ ਕੈਂਪ ਤੇ ਹੋਰ ਅਜਿਹੀਆਂ ਗਤੀਵਿਧਿਆਂ ਦਾ ਜ਼ੋਰ ਵੀ ਵੱਧ ਰਿਹਾ ਹੈ।

ਪਰ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾ ਚਿੰਤਾ ਦਾ ਵਿਸ਼ਾ ਬਣ ਰਹੀਆਂ ਹਨ ਕਿਉਂਕਿ ਅਜਿਹਾ ਸਮਝਿਆ ਜਾ ਰਿਹਾ ਹੈ ਕਿ ਪਹਿਲਾਂ ਵਾਂਗ ਇਸ ਵਾਰ ਵੀ ਵੋਟਾਂ ਲੈਣ ਲਈ ਵੱਖ-ਵੱਖ ਰਾਜਨੀਤਿਕ ਪਾਰਟੀਆਂ ਵੱਡੀ ਮਾਤਰਾ ਵਿਚ ਪੰਜਾਬ ਵਿਚ ਨਸ਼ੇ ਵੰਡਣਗੀਆਂ। ਇਹ ਸੱਚਮੁੱਚ ਇਕ ਗੰਭੀਰ ਮਸਲਾ ਹੈ। ਜਿਸ ਬਾਰੇ ਸਾਡਾ ਇਲੈਕਸ਼ਨ ਕਮਿਸ਼ਨ ਤੇ ਨੀਤੀਘਾੜੇ ਕਾਤਲਾਨਾ ਚੁੱਪ ਧਾਰੀ ਬੈਠੇ ਹਨ।

ਅਸੀਂ ਭਾਵੇਂ ਨਸ਼ਿਆਂ ਦੇ ਖਿਲਾਫ ਜਿੰਨਾ ਮਰਜ਼ੀ ਪ੍ਰਚਾਰ ਕਰ ਲਈਏ, ਕੈਂਪ ਲਗਾ ਲਈਏ, ਲਿਟਰੇਚਰ ਛਪਵਾ ਲਈਏ ਪਰ ਜੇਕਰ ਰਾਜਨੀਤਕ ਪਾਰਟੀਆਂ ਨੇ ਨਸ਼ਿਆਂ ਦੀ ਸ਼ਰੇਆਮ ਵੰਡ ਕਰਨੀ ਹੈ ਤਾਂ ਕਿਸ ਕਿਸ ਨੂੰ ਰੋਕਿਆ ਤੇ ਬਚਾਇਆ ਜਾ ਸਕੇਗਾ ?

ਚੋਣਾਂ ਵਿਚ ਨਸ਼ਿਆਂ ਦੀ ਵਰਤੋਂ ਕਿਵੇਂ ਰੋਕੀਏ ? ਇਹ ਅੱਜ ਇਕ ਭਖਦਾ ਮਸਲਾ ਬਣ ਚੁੱਕਾ ਹੈ। ਇਸ ਸੰਬੰਧੀ ਇਕ ਰਾਏ ਹੈ ਕਿ ਰਾਜਨੀਤਕ ਪਾਰਟੀਆਂ ਨੂੰ ਨਸ਼ੇ ਵੰਡਣ ਤੋਂ ਰੋਕਣ ਲਈ ਕੇਵਲ ਇਕ ਸੰਗਠਿਤ ਜਨ ਜਾਗਰਤੀ ਮੁਹਿੰਮ ਹੀ ਸਹਾਈ ਹੋ ਸਕਦੀ ਹੈ। ਪਰ ਇਹ ਮੁੰਹਿੰਮ ਕਿਵੇਂ ਚਲਾਈ ਜਾਵੇ ?

ਸਾਰੇ ਪੰਜਾਬ ਵਿਚ ਨਸ਼ਿਆਂ ਦਾ ਵਿਰੋਧ ਕਰਨ ਲਈ ਚੁਪਧਾਰੀ ਬੈਠੇ ਲੋਕਾਂ ਨੂੰ ਇਕ ਅਮਲੀ ਪ੍ਰੋਗਰਾਮ ਦੇਣ ਦੀ ਲੋੜ ਹੈ। ਮਿਸਾਲ ਦੇ ਤੌਰ ਤੇ ਜੇਕਰ ਹੇਠ ਲਿਖੇ ੩ ਨਾਅਰੇ ਸਾਰੇ ਪੰਜਾਬ ਵਿਚ ਘਰ ਘਰ ਪਹੁੰਚਾ ਦਿੱਤੇ ਜਾਣ , ਦੀਵਾਰਾਂ ਤੇ ਲਿਖਵਾ ਦਿੱਤੇ ਜਾਣ ਤਾਂ ਰਾਜਨੀਤਕ ਲੋਕ ਜ਼ਰੂਰ ਸੋਚਣ ਲਈ ਮਜਬੂਰ ਹੋਣਗੇ। ਇਹ ਨਾਅਰੇ ਹਨ -

੧) ਆਓ ਰਲ ਮਿਲ ਮੋਰਚਾ ਲਾਈਏ
ਘਰ ਘਰ ਵਿਚੋਂ ਨਸ਼ੇ ਭਜਾਈਏ ॥

੨) ਜਿਹਨਾਂ ਲਈ ਨਸ਼ਿਆਂ ਦੀ ਓਟ,
ਬੀਬੀਓ, ਉਹਨਾਂ ਨੂੰ ਨਾ ਪਾਇਓ ਵੋਟ

੩) ਜਿਹੜਾ ਨਸ਼ੇ ਵੰਡੇ,
ਪੈਣ ਉਸਨੂੰ ਡੰਡੇ ॥



www.AKJ.Org

ਸਾਡੇ ਸਮਾਜ ਵਿਚ ਲਗਭਗ ੫੦% ਵੋਟਾਂ ਬੀਬੀਆਂ ਦੀਆਂ ਹਨ। ਜੇਕਰ ਮਰਦ ਵੱਡੀ ਗਿਣਤੀ ਵਿਚ ਨਸ਼ਿਆਂ ਦੇ ਆਦੀ ਬਣ ਚੁੱਕੇ ਹਨ ਤਾਂ ਬੀਬੀਆਂ ਹਾਲੀ ਵੀ ਇਸ ਕੋਹੜ ਤੋਂ ਕਾਫੀ ਹੱਦ ਤੀਕ ਬਚੀਆਂ ਹੋਈਆਂ ਹਨ। ਨਸ਼ਿਆਂ ਦੀ ਬਿਮਾਰੀ ਦਾ ਸਭ ਤੋਂ ਵੱਧ ਸੰਤਾਪ ਵੀ ਬੀਬੀਆਂ ਹੀ ਭੋਗ ਰਹੀਆਂ ਹਨ। ਭਾਵੇਂ ਉਹ ਮਾਂ ਦੇ ਰੂਪ ਵਿਚ ਹਨ, ਪਤਨੀ ਦੇ ਰੂਪ ਵਿਚ ਜਾਂ ਧੀ ਵਜੋਂ, ਬੀਬੀਆਂ ਦੇ ਦੁੱਖ ਦੀ ਸੀਮਾ ਦਾ ਕੋਈ ਵੀ ਅੰਤ ਨਹੀਂ।

ਜੇਕਰ ਸਮਾਜ ਦੀਆਂ ਬੀਬੀਆਂ ਇਹ ਧਾਰ ਲੈਣ ਕਿ ਅਸੀਂ ਨਸ਼ੇ ਵੰਡਣ ਵਾਲੀਆਂ ਪਾਰਟੀਆਂ ਤੇ ਲੋਕਾਂ ਨੂੰ ਵੋਟਾਂ ਨਹੀਂ ਪਾਉਣੀਆਂ ਤਾਂ ਰਾਜਨੀਤਕਾਂ ਨੂੰ ਵੋਟਾਂ ਲੈਣ ਲਈ ਆਪਣੇ ਢੰਗ ਤਰੀਕੇ ਬਦਲਣ ਤੇ ਮਜ਼ਬੂਰ ਹੋਣਾ ਪਵੇਗਾ। ਲੋੜ ਹੈ ਤਾਂ ਕੇਵਲ ਬੀਬੀਆਂ ਦੀ ਇਸ ਵਿਸ਼ਾਲ ਸ਼ਕਤੀ ਤੱਕ ਇਹ ਸੁਨੇਹਾ ਪਹੁੰਚਾਉਣ ਦੀ ਅਤੇ ਉਹਨਾਂ ਨੂੰ ਤਿਆਰ ਕਰਨ ਦੀ ਕਿ ਐਤਕੀਂ ਨਸ਼ੇ ਵੰਡਣ ਵਾਲੀਆਂ ਸ਼ਕਤੀਆਂ ਨੂੰ ਕਰਾਰੀ ਭਾਂਜ ਦੇਣ ਦੀ ਤਿਆਰੀ ਕਰ ਲੈਣ।

ਨਸ਼ੇ ਵੰਡਣ ਵਿਚ ਕਿਸੇ ਇਕ ਪਾਰਟੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਸਾਰੇ ਹੀ ਇਕੋ ਜਿਹੇ ਹਨ ਕੋਈ ਭੋਰਾ ਵਧ ਤੇ ਕੋਈ ਮਾਸਾ ਘੱਟ। ਜੇਕਰ ਅਜਿਹੀ ਮੁਹਿੰਮ ਹੁਣ ਤੋਂ ਹੀ ਆਰੰਭ ਦਿੱਤੀ ਜਾਏ ਤਾਂ ਰਾਜਨੀਤਕ ਪਾਰਟੀਆਂ ਨੂੰ ਮਜ਼ਬੂਰੀ ਵਸ ਇਹ ਐਲਾਨ ਕਰਨੇ ਪੈਣਗੇ ਕਿ ਉਹ ਨਸ਼ੇ ਨਹੀਂ ਵੰਡਣਗੇ ਤੇ ਨਸ਼ੇ ਵੰਡਣ ਵਾਲਿਆਂ ਨੂੰ ਭੰਡਣਗੇ।

ਇਸ ਵੇਲੇ ਪੰਜਾਬ ਦੇ ਲੋਕ ਅਜਿਹੀ ਮੁਹਿੰਮ ਲਈ ਤਿਆਰ ਬੈਠੇ ਹਨ। ਲੋੜ ਹੈ ਤਾਂ ਕੇਵਲ ਕਾਰਜਸ਼ੀਲ ਹੋਣ ਦੀ। ਹਰ ਨੌਜਵਾਨ ਸੂਝਵਾਨ ਆਪਣੇ ਇਲਾਕੇ ਦੀਆਂ ਦੀਵਾਰਾਂ ਇਹਨਾਂ ਨਾਅਰਿਆਂ ਨਾਲ ਭਰ ਦੇਣ। ਘਰ ਘਰ ਇਸ਼ਤਿਹਾਰ ਪਹੁੰਚਾ ਦੇਣ। ਜਿੰਨੀ ਮਿਹਨਤ ਲੀਡਰ ਸੀਟ ਲੈਣ ਲਈ ਤੇ ਇਲੈਕਸ਼ਨ ਜਿੱਤਣ ਲਈ ਕਰਦੇ ਹਨ ਉਸ ਤੋਂ ਅੱਧੀ ਮਿਹਨਤ ਵੀ ਅਸੀਂ ਜੇਕਰ ਨਸ਼ੇ ਰੋਕਣ ਲਈ ਕਰ ਦੇਈਏ ਤਾਂ ਚੰਗੇ ਸਿੱਟੇ ਮਿਲ ਸਕਦੇ ਹਨ।

ਆਓ ਸਭ ਸੰਸਥਾਵਾਂ ਤੇ ਜਾਗਰੂਪ ਵੀਰ/ਭੈਣਾਂ ਰਲ ਕਿ ਹੇਠ ਲਿਖੇ ਕਾਰਜ ਕਰੀਏ।

੧) ਉਪਰੋਕਤ ਅਤੇ ਹੋਰ ਨਾਅਰੇ ਘਰ ਘਰ ਵੰਡੀਏ, ਦੀਵਾਰਾਂ ਤੇ ਲਿਖੀਏ, ਗੁਰਦੁਆਰੇ ਤੇ ਹੋਰ ਸਮਾਗਮਾਂ ਦੀਆਂ ਸਟੇਜਾਂ ਤੇ ਬੋਲੀਏ, ਦੁਹਰਾਈਏ, ਪ੍ਰਣ ਕਰਵਾਈਏ।

੨) ਥਾਂ ਥਾਂ ਤੇ ਨਸ਼ੇ ਛਡੋ ਜਾਗਰਤੀ ਸੈਮੀਨਾਰ, ਸਮਾਗਮ ਆਯੋਜਿਤ ਕਰੀਏ।

੩) ਮੁੱਖ ਚੋਣ ਕਮਿਸ਼ਨਰ, ਨਵੀਂ ਦਿੱਲੀ - ੧੧੦੦੦੧ ਨੂੰ ਪੱਤਰ ਲਿਖੀਏ ਕਿ ਚੋਣ ਜ਼ਾਬਤੇ ਵਿਚ ਨਸ਼ਿਆਂ ਦੀ ਵਰਤੋਂ ਰੋਕਣ ਲਈ ਠੋਸ ਤੇ ਸਖਤ ਉਪਰਾਲੇ ਕੀਤੇ ਜਾਣ।

ਥਾਂ ਥਾਂ ਤੇ ਸਾਰੀਆਂ ਸਭਾ ਸੁਸਾਇਟੀਆਂ ਉਪਰੋਕਤ ਵਿਸ਼ੇ ਬਾਰੇ ਇਕੱਤਰਤਾਵਾਂ ਕਰਨ ਤੇ ਲੋਕ ਰਾਏ ਤੇ ਲੋਕ ਮੁਹਿੰਮ ਆਰੰਭ ਕਰਨ।

ਯਾਦ ਰੱਖੀਏ, ਜੇਕਰ ਅਸੀਂ ਇਹ ਸਮਾਂ ਖੁੰਝਾ ਦਿੱਤਾ ਤਾਂ ਨਸ਼ਿਆਂ ਵਿਚ ਪੰਜਾਬ ਦੀ ਜਵਾਨੀ ਤਬਾਹ ਹੋ ਜਾਵੇਗੀ। ਫਿਰ ਪਤਾ ਨਹੀਂ ਹੋਰ ਕਿੰਨੇ ਯਤਨ ਕਰਨੇ ਪੈਣਗੇ ਉਹਨਾਂ ਨੂੰ ਬਚਾਉਣ ਲਈ।

ਧੰਨਵਾਦ।



www.AKJ.Org

# ਮੈਂ ਕੇਸਾਂ ਨੂੰ ਸਾਂਭ-ਸਾਂਭ ਰੱਖਾਂਗਾ
## (ਇਕ ਵਿਦਿਆਰਥੀ ਦਾ ਪ੍ਰਣ)

ਐਤਵਾਰ ਦਾ ਦਿਨ ਸੀ। ਕੁਲਦੀਪ ਸਿੰਘ ਨੇ ਆਪਣੀ ਮਾਤਾ ਦੀ ਸਹਾਇਤਾ ਨਾਲ ਸਾਬਣ ਨਾਲ ਕੇਸ ਧੋਤੇ, ਤੌਲੀਏ ਨਾਲ ਪੂੰਜੇ, ਸੁਕਾਏ ਅਤੇ ਤੇਲ ਲੁਆਉਣ ਲਈ ਮਾਤਾ (ਮੰਮੀ) ਅੱਗੇ ਬੈਠ ਗਿਆ। ਜਦੋਂ ਮਾਤਾ ਕੰਘੀ ਨਾਲ ਕੇਸ ਵਾਹੁਣ ਲੱਗੀ ਤਾਂ ਕੁਲਦੀਪ ਸਿੰਘ ਨੇ ਕਿਹਾ, 'ਮੰਮੀ, ਕੇਸ ਧੋਣੇ, ਪੂੰਜਣੇ, ਸੁਕਾਉਣੇ, ਤੇਲ ਲੁਆ ਕੇ ਵਾਹੁਣੇ ਵੀ ਇਕ ਸਮਸਿੱਆ (Problem) ਹੀ ਹੈ। ਮੇਰਾ ਕਲਾਸ ਫੈਲੋ ਬਲਵਿੰਦਰ (ਬੰਟੀ) ਕਹਿੰਦਾ ਸੀ, ਜਦੋਂ ਦੇ ਮੈਂ ਕੇਸ ਕਟਾ ਦਿੱਤੇ ਹਨ, ਸਾਰੀ (Problem) ਸੌਖੀ ਹੋ ਗਈ ਹੈ। ਨਹਾਤਾ, ਕੰਘੀ ਕੀਤੀ ਤੇ ਛੁੱਟੀ। ਧੋਣ, ਪੂੰਜਣ, ਸੁਕਾਉਣ, ਤੇਲ ਲੁਆਉਣ, ਜੂੜਾ ਕਰਵਾਉਣ ਦਾ ਝੰਝਟ ਹੀ ਖਤਮ।' ਮਾਤਾ ਨੇ ਕਿਹਾ, 'ਬੇਟਾ ਤੂੰ ਸਵੇਰੇ ਉੱਠਦਾ ਏ, ਲੋੜ ਅਨੁਸਾਰ ਤਾਜ਼ੇ ਜਾਂ ਗਰਮ ਪਾਣੀ ਨਾਲ ਨਹਾਉਂਦਾ ਏ, ਮੂੰਹ, ਨੱਕ, ਕੰਨ ਆਦਿ ਵੀ ਸਾਫ਼ ਕਰਦਾ ਏਂ, ਖਾਣਾ ਖਾ ਕੇ, ਸਕੂਲ ਦੀ ਯੂਨੀਫਾਰਮ ਪਾ ਕੇ ਸਕੂਲ ਜਾਂਦਾ ਏਂ। ਜੇ ਕਦੀ ਬੀਮਾਰ ਹੋਵੇ ਤਾਂ ਅਰੋਗ (Healthy) ਹੋਣ ਲਈ ਪ੍ਰਹੇਜ਼ (Prevention) ਰਖ ਕੇ ਕਈ ਕਈ ਦਿਨ ਦੁਆਈ ਖਾਂਦਾ ਹੈ। ਜ਼ਰਾ ਸੋਚ; ਆਪਣੀ ਲੋੜ ਅਤੇ ਸਰੀਰਕ ਸੁੱਖ ਲਈ ਜੇ ਤੂੰ ਏਨਾਂ ਕੁੱਝ ਕਰ ਸਕਦਾ ਏ ਤਾਂ ਕੇਸਾਂ ਨੂੰ ਧੋਣਾ, ਸੁਕਾ ਕੇ ਤੇਲ ਲੁਆਉਣਾ ਆਦਿ ਕਿਉਂ ਔਖਾ ਏ,' ਕੁਲਦੀਪ ਚੁੱਪ ਰਿਹਾ।

ਮਾਤਾ ਨੇ ਫਿਰ ਕਿਹਾ - 'ਮੈਨੂੰ ਜਾਪਦਾ ਏ ਕਿ ਤੇਰੇ ਕਲਾਸ ਫੈਲੋ ਨੂੰ ਕੇਸਾਂ ਦੀ ਸ਼ਕਤੀ ਦਾ ਪਤਾ ਨਹੀਂ। ਗਿਆਨ (knowledge) ਨਾ ਹੋਣ ਕਰਕੇ ਉਸ ਦੇ ਮਾਤਾ-ਪਿਤਾ ਨੇ ਵੀ ਉਸ ਨੂੰ ਕਦੀ ਸਮਝਾਇਆ ਹੀ ਨਹੀਂ ਕਿ ਕੇਸ ਰਖਣੇ ਕਿਉਂ ਗੁਣਕਾਰੀ ਹਨ। ਏਸੇ ਲਈ ਸਿਰ ਦੇ ਕੇਸਾਂ ਨੂੰ ਰਖਣਾ ਤੇ ਸਾਂਭਣਾ ਉਸ ਨੂੰ ਪ੍ਰੋਬਲਮ ਲਗਦੀ ਹੈ।'

ਕੁਲਦੀਪ ਨੇ ਪੁੱਛਿਆ, ਮੰਮੀ, ਕੇਸਾਂ ਵਿਚ ਕਿਹੜੀ ਸ਼ਕਤੀ ਹੈ ਜਿਸ ਕਰਕੇ ਇਨ੍ਹਾਂ ਨੂੰ ਰੱਖਣਾ ਸਾਂਭਣਾ ਜ਼ਰੂਰੀ ਹੈ ?

ਮਾਤਾ ਜੀ ਨੇ ਕਿਹਾ - 'ਬੇਟਾ, ਡਾਕਟਰਾਂ ਦੀ ਖੋਜ ਅਨੁਸਾਰ ਮਨੁੱਖ ਜੋ ਕੁਝ ਖਾਂਦਾ-ਪੀਂਦਾ ਹੈ, ਉਸ ਦੀਆਂ ਸਰੀਰ ਵਿਚ ਰੱਖਣਯੋਗ ਅੱਠ ਧਾਤਾਂ ਬਣਦੀਆਂ ਹਨ, ਮਾਸ, ਖੂਨ, ਮਿੱਝ, ਹੱਡੀ, ਨਾੜੀ, ਖਲੜੀ, ਵੀਰਜ਼ ਅਤੇ ਕੇਸ ਕੁਦਰਤ ਦੇ ਨਿਯਮਾਂ ਅਨੁਸਾਰ ਇਹ ਸਾਰੀਆਂ ਧਾਤਾਂ ਸਮੇਂ ਤੇ ਲੋੜ ਅਨੁਸਾਰ ਸਾਰੀ ਉਮਰ ਵਧਦੀਆਂ ਘੱਟਦੀਆਂ ਰਹਿੰਦੀਆਂ ਹਨ। ਸਰੀਰ ਨੂੰ ਕਾਇਮ ਰੱਖਣ ਵਿਚ ਸਹਾਇਤਾ ਕਰਦੀਆਂ ਹਨ। ਕੇਸ, ਇਨ੍ਹਾਂ ਅੱਠਾਂ ਵਿਚੋਂ ਇਕ ਹਨ, ਜਿਨ੍ਹਾਂ ਨੂੰ ਪੂਰੇ ਰਖਿਆਂ, ਸਾਂਭ-ਸਾਂਭ ਰਖਿਆਂ ਸਰੀਰਕ ਸ਼ਕਤੀ ਵੱਧਦੀ ਹੈ, ਤਨ ਮਨ ਨੂੰ ਅਰੋਗ ਰੱਖਦੀ ਹੈ। ਬਾਰ-ਬਾਰ ਕੱਟਿਆ, ਤੋੜਿਆਂ ਜਾਂ ਪੁੱਟਿਆ ਸਰੀਰਕ ਸ਼ਕਤੀ ਘੱਟਦੀ ਹੈ, ਸਰੀਰ ਨੂੰ ਰੋਗੀ ਬਣਾਉਂਦੀ ਹੈ। ਏਸੇ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਲਿਖਾਰੀ, ਭਾਈ ਗੁਰਦਾਸ ਜੀ ਨੇ ਵੀ ਇਉਂ ਸੁਝਾਉ ਦਿੱਤਾ ਹੈ :-

**ਵਾਲ ਦੰਦ ਮੂੰਹ ਰੋਮ ਰੋਮ, ਸਾਸ ਗਿਰਾਸ ਸਮਾਲ ਸਲਿੱਸੈ ॥**

(ਵਾਰ ੩੭, ਪਉੜੀ ੧੦)

ਭਾਵ ਪਰਮਾਤਮਾਂ ਨੇ ਕੇਸ ਦੰਦ ਮੂੰਹ ਆਦਿ ਅਮੋਲਕ ਦਾਤਾਂ ਦਿੱਤੀਆਂ ਹਨ, ਇਨ੍ਹਾਂ ਨੂੰ ਪਿਆਰ ਨਾਲ ਸਾਂਭ-ਸਾਂਭ ਰਖੋ। ਉਂਝ ਵੀ ਵਿਗਿਆਨੀਆਂ ਦੀ ਖੋਜ ਅਨੁਸਾਰ ਕੇਸ਼ਾਂ ਵਿਚ ੨੨% ਆਕਸੀਜ਼ਨ, ੫੦% ਕਾਰਬਨ, ੧੭% ਨਾਈਟਰੋਜਨ, ੬% ਹਾਈਡਰੋਜਨ ਅਤੇ ਬਾਕੀ ਸਲਫਰ, ਅਗਨੀ ਚੂਨਾਂ ਆਦਿ ਹਨ। ਸਿਆਣਪ ਏਸੇ ਵਿਚ ਹੈ ਕਿ ਬਾਰ-ਬਾਰ ਕੱਟਕੇ ਜਾਂ ਮੁੰਨ ਕੇ ਕੇਸਾਂ ਦੀ ਸ਼ਕਤੀ ਨੂੰ ਫਜ਼ੂਲ ਨਾ ਗਵਾਇਆ ਜਾਵੇ, ਸਗੋਂ ਸਾਂਭ ਸੰਭਾਲ ਕੇ ਸਰੀਰ ਤੇ ਮਨ ਦੀ ਸ਼ਕਤੀ ਨੂੰ ਕਾਇਮ ਰਖਿਆ ਜਾਵੇ।



www.AKJ.Org

ਮਾਤਾ ਨੇ ਹੋਰ ਕਿਹਾ, ਪੁੱਤਰ, ਤੈਨੂੰ ਪਤਾ ਹੀ ਹੈ ਕਿ ਮੁਸਲਮਾਨ ਤੇ ਈਸਾਈ ਮੁਰਦਿਆਂ ਨੂੰ ਜਲਾਉਂਦੇ ਨਹੀਂ, ਧਰਤੀ ਵਿੱਚ ਦਬਾਉਂਦੇ ਹਨ। ਕਈ ਪੀਰ ਫਕੀਰ ਕੇਸ ਦਾੜ੍ਹੀ (ਸਾਬਤ) ਪੂਰੀ ਰਖਦੇ ਹਨ। ਦੇਖਣ ਵਿੱਚ ਆਇਆ ਹੈ ਕਿ ਕੱਬਰਾਂ ਪੁੱਟਣ ਨਾਲ ਉਨ੍ਹਾਂ ਦੇ ਸਰੀਰ ਦੀਆਂ ਹੋਰ ਧਾਤਾਂ (ਨਾੜੀ ਮਿਝ, ਹੱਡੀ, ਖਲੜੀ ਆਦਿ) ਗਲ੍ਹ ਕੇ ਮਿੱਟੀ ਬਣ ਗਈਆਂ ਹਨ ਪਰ ਕੇਸ ਸਾਬਤ ਤੇ ਪੂਰੇ ਰਹੇ ਹਨ। ਸੈਂਕੜੇ ਸਾਲ ਦੱਬਣ ਨਾਲ ਵੀ ਇਹ ਗਲਦੇ ਨਹੀਂ।

ਮਾਤਾ ਦੀਆਂ ਚੰਗੀਆਂ ਗਲ੍ਹਾਂ ਸੁਣ ਕੇ ਕੁਲਦੀਪ ਸਿੰਘ ਬਹੁਤ ਹੈਰਾਨ ਹੋਇਆ। ਕਹਿਣ ਲੱਗਾ ਹੈਂ ! ਏਨੀ ਸ਼ਕਤੀ ਏ ਇਨ੍ਹਾਂ ਕੇਸਾਂ ਵਿੱਚ ਮੰਮੀ ਮੈਨੂੰ ਤਾਂ ਪਤਾ ਹੀ ਨਹੀਂ ਸੀ। ਚੰਗਾ ਹੋਇਆ, ਬਹੁਤ ਚੰਗਾ ਹੋਇਆ, ਤੁਸੀਂ ਏਨਾ ਕੁਝ ਮੈਨੂੰ ਦਸ ਦਿੱਤਾ। ਹੁਣ, ਮੈਂ ਕੇਸਾਂ ਨੂੰ ਸਾਂਭ-ਸਾਂਭ ਰਖਾਂਗਾ, ਸਾਰੀ ਉਮਰ ਸਾਂਭ-ਸਾਂਭ ਰਖਾਂਗਾ। ਕੇਸ ਕਟਾਉਣ ਬਾਰੇ ਕਦੀ ਸੋਚਾਂਗਾ ਭੀ ਨਹੀਂ। ਨਾਲ ਹੀ ਆਪਣੇ ਕਲਾਸ ਫੈਲੋ (ਬੰਟੀ) ਨੂੰ ਸਮਝਾਵਾਂਗਾ ਕਿ ਕੇਸ ਰਖਣਾ ਤੇ ਸਾਂਭਣਾ ਪ੍ਰੋਬਲਮ ਨਹੀਂ, ਸਗੋਂ ਸਾਡੀ ਲੋੜ ਏ, ਸਰੀਰਕ ਅਰੋਗਤਾ ਲਈ, ਬੀਮਾਰੀਆਂ ਤੋਂ ਬਚਣ ਲਈ ਪੁੱਤਰ ਦੇ ਸੋਹਣੇ ਬਚਨ ਸੁਣਕੇ ਮਾਤਾ ਨੇ ਪੁੱਤਰ ਨੂੰ ਪਿਆਰ ਦਿੱਤਾ ਅਤੇ ਕਿਹਾ ਮੇਰੇ ਸੋਹਣੇ ਪੁੱਤਰ, ਸੋਹਣੇ ਲਾਲ, ਮੈਨੂੰ ਤੇਰੇ ਕੋਲੋਂ ਏਹੋ ਆਸ ਏ।

ਵਲੋਂ : ਗੁਰਚਰਨ ਸਿੰਘ ਹਿਤੈਸ਼ੀ

*(ਰਿਟਾਇਰਡ ਲੈਕਚਰਾਰ)*

## ਚਾਰ ਸਾਹਿਬਜ਼ਾਦੇ

| | | | |
|---|---|---|---|
| ਬਾਬਾ | ਅਜੀਤ | ਸਿੰਘ | ਜੀ |
| ਬਾਬਾ | ਜੁਝਾਰ | ਸਿੰਘ | ਜੀ |
| ਬਾਬਾ | ਜ਼ੋਰਾਵਰ | ਸਿੰਘ | ਜੀ |
| ਬਾਬਾ | ਫਤਿਹ | ਸਿੰਘ | ਜੀ |

## ਪੰਜ ਕਕਾਰ

ਕੇਸ

ਕੰਘਾ

ਕੜਾ

ਕੱਛ

ਕ੍ਰਿਪਾਨ

## ਪੰਜਾ ਤਖ਼ਤ

| | | | |
|---|---|---|---|
| ਸ੍ਰੀ | ਅਕਾਲ | ਤਖ਼ਤ | ਸਾਹਿਬ |
| ਤਖ਼ਤ | ਸ੍ਰੀ | ਪਟਨਾ | ਸਾਹਿਬ |
| ਤਖ਼ਤ | ਸ੍ਰੀ | ਕੇਸਗੜ੍ਹ | ਸਾਹਿਬ |
| ਤਖ਼ਤ | ਸ੍ਰੀ | ਹਜ਼ੂਰ | ਸਾਹਿਬ |
| ਤਖ਼ਤ | ਸ੍ਰੀ | ਦਮਦਮਾ | ਸਾਹਿਬ |



www.AKJ.Org

# THE SIKH REVIVALISM

*Dr. Meharban Singh*

Punjab being the most sensitive border state of the Indian Sub-continent, it is necessary to have deeper understanding of culture, ethos, religious beliefs and practices of the people of Punjab, particularly of the Sikhs, who have played major and important role in every field in this state. Among the minority communities in the Indian Sub-Continent Sikhs posses a strong sense of their cultural heritage and separate identity. This consciousness is the result of the socio-cultural movements of Punjab during the last quarter of 19th and begining of the 20th century.

This period was the period of religious and social awareness and this period witnessed many social and religious movements in the whole northern India including Pubjab. Such movements had left great impact in many ways. These reform movements had actually begun before the advent of British rule in Punjab. The challenge presented by the growing Christian influence only imparted greater urgency to such reforms. After the annexation of Punjab to the British Empire in 1849, the Christian missionaries were given special support by the British Government to spread their missionary activities, to convert the people into Christianity. Sikhs, Hindus and Muslims took it as a challenge to their respective communities and they strived to safeguard their religions.

After the begining of the first Sikh reform movement many Sikh and non-Sikh reform movements came into existence. According to available facts after the first Sikh reform movement i.e. Nirankari Movement in first decade of 19th century, all other Muslim and Hindu reform movements were founded. In the year 1820 the Wahabi Movement of Muslims under the leadership of Sayyad Ahmad Khan of Bareily came into existence and after that in 1889 Mirza Ghulam Ahamd founded Ahmadya Movement.

On the other hand first Hindu reform movement known as Brahmo Samaj begin in 1828 in Bengal, its founder was Raja Ram Mohan Roy. Madhav Gobind Ranade of Maharashtra founded Prarthna Samaj in 1867 as an off shoot of Brahmo Samaj and similarly Shiv Narayan Agnihotri founded Dev Samaj in 1887 at Lahore.

Radhe Kant Dev in Calcutta founded Dharam Sabha which was an anti Brahmo Samaj movement. On 7th April, 1875 Swami Dayanand founded Arya Samaj at Bombay and Sanatam Dharam was founded in 1889 at Lahore.

The first Sikh revivalist movement was the Nirankari Movement, which was founded by Baba Dyal in 1808 at Rawalpindi and after that in 1847 Namdhari Movement was started from Village Bhaini (Distt. Ludhiana). This tradition of revivalism continued and it was further carried on by the Singh Sabha Movement (1873), Gurdwara Reform Movement (1895) and Akali Movement (1919), the latter two movements lateron acquired the nature of political movements. All these Sikh movements are interlinked. The main aim of these movements was to restore Sikhsim to its basic principles and to save it from the growing influence of Christianity and Brahamanism. To supplement these movements some Young Sikh organizations also came into existence. Among these, Sikh Young Men Association, The University Sikh Association and All India Sikh Students' Federation etc. were prominent.

At one stage these reformist movements turned into revolts e.g. The Gadarities, Babbar Akalis, The Akali Morchas etc.

At present, due to ethical deterioration in our day-to-day life we need another great Sikh revivalist movement here in Punjab, as soon as possible. It is hoped that this attempt will make significant contribution to restore Sikhsim to its basic principles.



www.AKJ.Org

# ਖ਼ਾਲਸਾ ਪੰਥ ਦੀ ਸਾਜਨਾ

ਦਲੀਪ ਸਿੰਘ 'ਦੀਪ'
(ਸੰਗੀਤ ਮਾਸਟਰ)

ਵਿਸਾਖੀ ਵਾਲੇ ਦਿਨ ਤੇਰਾ ਜਨਮ ਹੋਇਆ ਖ਼ਾਲਸਾ, ਪੰਥ ਨਵਾਂ ਦਿਤਾ ਸੀ ਰਚਾ
ਗਿਦੜਾਂ ਤੋਂ ਸ਼ੇਰ ਸੀ ਬਣਾਇਆ ਦਸ਼ਮੇਸ਼, ਦਿੱਤਾ ਚਿੜੀਆਂ ਤੋਂ ਬਾਜਾਂ ਨੂੰ ਤੁੜਾ
ਖ਼ਾਲਸਾ ਗੁਰਾਂ ਜੀ ਦੀ ਫ਼ਤਹਿ ਤੂੰ ਬੁਲਾ--------------------------।
ਵਾਰੀ ਵਾਰੀ ਪੰਜਾਂ ਨੂੰ ਬੁਲਾਇਆ ਜਦੋਂ ਗੁਰੂ ਜੀ ਨੇ, ਪਾਸ ਹੋ ਕੇ ਆਇਓਂ ਦਰਬਾਰ ਚੋਂ
ਅੰਮ੍ਰਿਤ ਛਕਾਇਆ ਫਿਰ ਪਾਤਸ਼ਾਹ ਨੇ ਹੱਥੀਂ ਤੈਨੂੰ, ਬਣਿਆ ਸੈਂ ਯੋਧਾ ਸੰਸਾਰ ਚੋਂ
ਬੋਲੋ ਸੋ ਨਿਆਲ ਦੇ ਜੈਕਾਰੇ ਜਦੋਂ ਲਾਏ ਸੀ ਤੂੰ, ਵੈਰੀ ਦਲ ਦਿੱਤੇ ਸੀ ਨਠਾ ।
ਖ਼ਾਲਸਾ ਗੁਰਾਂ ਜੀ ਦੀ ਫ਼ਤਹਿ ਤੂੰ ਬੁਲਾ--------------------------।
ਸਵਾ ਸਵਾ ਲੱਖ ਦਾ ਮੁਕਾਬਲਾ ਸਿਖਾਇਆ ਤੈਨੂੰ, ਅੰਮ੍ਰਿਤ ਦੀ ਦੱਸੀ ਤਾਸੀਰ ਸੀ
ਸੁਸਤੀ ਤੇ ਬੁਜਦਿਲੀ ਦੀ ਥਾਂ ਭਰੀ ਬੀਰਤਾ, ਬਣਾ ਕੇ ਤੈਨੂੰ ਦਸੀ ਤਕਦੀਰ ਸੀ
ਸ਼ਕਤੀ ਸੀ ਭਰੀ ਐਸੀ ਖੰਡੇ ਦੀ ਧਾਰ ਵਿਚੋਂ, ਮੋਇਆਂ ਵਿੱਚ ਜਾਨ ਦਿੱਤੀ ਪਾ ।
ਖ਼ਾਲਸਾ ਗੁਰਾਂ ਜੀ ਦੀ ਫ਼ਤਹਿ ਤੂੰ ਬੁਲਾ--------------------------।
ਸਿਦਕ ਤੇ ਸਬੂਰੀ ਵਿਚ ਰਹਿਣਾ ਸੀ ਸਿਖਾਇਆ ਤੈਨੂੰ, ਕਿਰਤ ਕਮਾਈ ਦੱਸੀ ਕਰਨੀ
ਅਣੱਖ ਨਾਲ ਜੀਉਣਾ ਸੀ ਸਿਖਾਇਆ ਦਸ਼ਮੇਸ਼, 'ਦੀਪ' ਮਰਨਾਂ ਸ਼ਹੀਦਾਂ ਵਾਲੀ ਮਰਨੀ
ਕੰਘਾ, ਕੜਾ, ਕੱਛਾ, ਕਿਰਪਾਨ, ਕੇਸਧਾਰੀ ਹੋਣਾ, ਗੁਰਾਂ ਤੈਨੂੰ ਦਿੱਤਾ ਸਮਝਾ ।
ਖ਼ਾਲਸਾ ਗੁਰਾਂ ਜੀ ਦੀ ਫ਼ਤਹਿ ਤੂੰ ਬੁਲਾ--------------------------।
ਕਿਡੀ ਸੋਹਣੀ ਸੀਸ ਤੇ ਸਜਾਈ ਦਸਤਾਰ ਤੈਨੂੰ, ਗੁਰਾਂ ਨੇ ਬਣਾਈ ਤੇਰੀ ਸ਼ਾਨ ਏ
ਇੱਕ ਹੱਥ ਢਾਲ ਦੂਜੇ ਦੇ ਕੇ ਕਿਰਪਾਨ ਤੈਨੂੰ, ਦੇਸ਼ ਦੀ ਬਚਾਉਣੀ ਦੱਸੀ ਆਨ ਏਂ
ਤਾਹੀਓਂ ਤੈਨੂੰ ਸਿੰਘਾ ਸਾਰੀ ਦੁਨੀਆਂ ਪਈ ਮੰਨਦੀ ਏ, ਵੈਰੀਆਂ ਦੇ ਆਹੂ ਦੇਵੇਂ ਲਾਹ ।
ਖ਼ਾਲਸਾ ਗੁਰਾਂ ਜੀ ਦੀ ਫ਼ਤਹਿ ਤੂੰ ਬੁਲਾ--------------------------।
ਸਾਜਿਆ ਏ ਆਪ ਦਸ਼ਮੇਸ਼ ਜੀ ਨੇ ਹੱਥੀਂ ਤੈਨੂੰ, ਤਾਹੀਓਂ ਜਿੱਤਾਂ ਹੋ ਰਹੀਆਂ ਨੇ ਤੇਰੀਆਂ
ਜ਼ੁਲਮ ਦਿਆਂ ਝੱਖੜਾਂ ਤੁਫ਼ਾਨਾਂ ਨੂੰ ਤੂੰ ਡੱਕ ਦੇਵੇਂ, ਬੰਨ੍ਹ ਕੇ ਬਿਠਾਂ ਦੇਵੇ ਹਨੇਰੀਆਂ
ਆਪ ਗੁਰੂ ਖ਼ਾਲਸਾ ਏ ਖ਼ਾਲਸਾ ਏ ਗੁਰੂ ਰੂਪ, ਗੀਤ ਤੇਰੇ ਜਗ ਰਿਹਾ ਗਾ ।
ਖ਼ਾਲਸਾ ਗੁਰਾਂ ਜੀ ਦੀ ਫ਼ਤਹਿ ਤੂੰ ਬੁਲਾ--------------------------।
ਵਧੇ ਫੁਲੇਂ ਜੁਗ ਜੁਗ ਜੀਉਂਦਾ ਰਹੇਂ ਤੂੰ ਜਗ ਉੱਤੇ, ਸ਼ਾਨ ਤੇਰੀ ਬਣ ਰਹੀ ਸਵਾਈ ।
ਤੇਰੇ ਏਸ ਜਨਮ ਦਿਹਾੜੇ ਦੀ ਬਈ ਖ਼ਾਲਸਾ, ਲੱਖ ਲੱਖ ਤੈਨੂੰ ਏ ਵਧਾਈ
ਕਿਰਪਾ ਮਹਾਨ ਜਿੰਨੇ ਕੀਤੀ ਤੇਰੇ ਉਤੇ, ਉਹਦਾ ਲੱਖ ਲੱਖ ਸ਼ੁੱਕਰ ਮਨਾ ।
ਖ਼ਾਲਸਾ ਗੁਰਾਂ ਜੀ ਦੀ ਫ਼ਤਹਿ ਤੂੰ ਬੁਲਾ--------------------------।



www.AKJ.Org

# ਸਾਹਿਬੇ ਕਮਾਲ

ਭਗਵੰਤ ਸਿੰਘ

ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਅਤੇ ਅਲੌਕਿਕ ਸ਼ਖ਼ਸੀਅਤ ਦਾ ਧਿਆਨ ਆਉਂਦਿਆਂ ਹੀ ਮੂੰਹ ਵਿਚੋਂ ਆਪ ਮੁਹਾਰੇ ਵਾਹ ਵਾਹ ਨਿਕਲ ਜਾਂਦੀ ਹੈ। ਕੇਵਲ ੪੨ ਵਰ੍ਹਿਆਂ ਦੀ ਸੰਸਾਰਕ ਯਾਤਰਾ ਦੇ ਇਤਿਹਾਸ ਵਿਚ ਆਪ ਦੇ ਟਾਕਰੇ ਦੀ ਮਹਾਨ ਸ਼ਖ਼ਸੀਅਤ ਲੱਭਣੀ ਮੁਸ਼ਕਲ ਹੋ ਜਾਂਦੀ ਹੈ। ਜਿਥੇ ਆਪ ਅਕਾਲ ਪੁਰਖ ਦੇ ਅਨਿੰਨ ਆਸ਼ਕ ਸਨ, ਉਥੇ ਗੁਰਦਰਬਾਰ ਵਿਚ ਮਧੁਰ ਕੀਰਤਨ ਰਾਹੀਂ ਸੰਗਤ ਦਾ ਮਨ ਮੋਹ ਲੈਂਦੇ ਸਨ। ਜਿੱਥੇ ਆਪਣੇ ਹੱਥਾਂ ਵਿਚ ਕਲਮ ਫੜ ਕੇ ਉਚ ਕੋਟੀ ਦਾ ਸਾਹਿਤ ਰਚਿਆ, ਉਥੇ ਉਸੇ ਹੀ ਹੱਥ ਨਾਲ ਜਦੋਂ ਜੰਗ ਵਿਚ ਤਲਵਾਰ ਵਾਹੀ ਤਾਂ ਸ਼ਤਰੂਆਂ ਦੀਆਂ ਲਾਸ਼ਾਂ ਦੇ ਢੇਰ ਲਾ ਦਿੱਤੇ, ਤੀਰ ਅੰਦਾਜ਼ੀ ਵਿਚ ਤਾਂ ਆਪ ਦਾ ਸਾਨੀ ਹੀ ਕੋਈ ਨਹੀਂ ਸੀ। ਆਪ ਨੀਲੇ ਘੋੜੇ ਦੇ ਸ਼ਾਹ ਸਵਾਰ ਸਨ, ਮਹਾਨ ਜੰਗੀ ਜਰਨੈਲ ਸਨ। ਆਪ ਸੱਚੇ ਪਾਤਸ਼ਾਹ, ਫ਼ੌਜਾਂ ਵਾਲੇ, ਕਲਗੀਆਂ ਵਾਲੇ, ਬਾਜਾ ਵਾਲੇ, ਤਾਜਾਂ ਵਾਲੇ, ਰਣਜੀਤ ਨਗਾਰੇ ਵਾਲੇ। ਆਪ ਮਹਾਨ ਧਰਮ ਫਿਲਾਸਫਰ ਸਨ, ਚਿੰਤਕ ਸਨ, ਮਨੋ ਵਿਗਿਆਨੀ ਸਨ। ਆਪ ਗ੍ਰਿਹਸਤ ਵਿਚ ਮਹਾਨ ਤਿਆਗੀ ਸਨ। ਸਰਬੰਸ ਦਾਨੀ ਸਨ। ਆਪਣੇ ਮਾਤਾ ਪਿਤਾ, ਬੱਚਿਆਂ, ਆਪਣੇ ਆਪ ਨੂੰ ਜਬਰਾਂ ਨਾਲ ਟੱਕਰ ਲੈਂਦਿਆਂ ਹੋਇਆ ਲੋਕ ਹਿੱਤਾ ਲਈ ਸ਼ਹੀਦ ਕਰਵਾਉਣ ਵਾਲੇ ਸਨ। ਸਦੀਆਂ ਤੋਂ ਲਿਤਾੜੇ ਜਾ ਰਹੇ ਨੀਚਾਂ ਨੂੰ ਆਪ ਨੇ ਊਚ ਬਣਾ ਦਿੱਤਾ, ਜੰਗੀ ਜਰਨੈਲ, ਰਾਜੇ, ਮਹਾਰਾਜੇ ਬਣਾ ਦਿੱਤਾ। ਇਤਿਹਾਸ ਦੀ ਧਾਰਾ ਹੀ ਮੋੜ ਦਿੱਤੀ। ਆਪ ਚੜ੍ਹਦੀ ਕਲਾ ਦੇ ਅਵਤਾਰ ਸਨ। ਅੰਨਦਪੁਰ ਤਿਆਗਣ ਮਗਰੋਂ ਦੋ ਸਾਹਿਬਜ਼ਾਦਿਆਂ ਦੇ ਚਮਕੌਰ ਵਿਚ ਅਤੇ ਦੋ ਸਾਹਿਬਜ਼ਾਦਿਆਂ ਦੇ ਸਰਹੰਦ ਦੀਆਂ ਨੀਹਾਂ ਵਿਚ ਸ਼ਹੀਦ ਹੋਣ ਮਗਰੋਂ ਮਾਛੀਵਾੜੇ ਦੇ ਜੰਗਲਾਂ ਵਿਚ ਅਨੇਕਾਂ ਮੀਲ ਭੁੱਖੇ ਭਾਣੇ ਸਫਰ ਕਰਨ, ਰਾਤਾਂ ਗੁਜ਼ਾਰਨ ਮਗਰੋਂ ਆਪ ਜੀ ਦੀ ਭਾਰਤ ਦੇ ਰਾਜੇ ਔਰੰਗਜ਼ੇਬ ਨੂੰ ਫਤਹਿ ਦੀ ਚਿੱਠੀ (ਜ਼ਫ਼ਰਨਾਮਾ) ਲਿਖਣ ਦਾ ਜੇਰਾ ਕਰ ਸਕਦੇ ਸਨ; ਉਸ ਨੂੰ ਲਲਕਾਰ ਸਕਦੇ ਸਨ।

ਅਜਿਹੀਆਂ ਸਿਫਤਾਂ ਦੇ ਮਾਲਕ ਸਤਿਗੁਰ ਪਾਤਸ਼ਾਹ ਨੂੰ "ਸਾਹਿਬੇ ਕਮਾਲ" ਹੀ ਕਹਿਣਾ ਬਣਦਾ ਹੈ। ਗੁਰੂ ਪਾਤਸ਼ਾਹ ਦੀ ਅਦੁੱਤੀ, ਅਲੌਕਿਕ ਤੇ ਚਮਤਕਾਰੀ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਬਿਆਨ ਕਰਨਾ ਤਾਂ ਵੱਡੇ ਵੱਡੇ ਵਿਦਵਾਨ ਪੁਰਖਾਂ ਦੇ ਵੱਸ ਦੀ ਗੱਲ ਵੀ ਨਹੀਂ ਹੈ, ਹਾਂ ਸਤਿਗੁਰਾਂ ਦੀ ਸ਼ਖਸੀਅਤ ਵਿਚ ਹੇਠ ਲਿਖੇ ਗੁਣ ਤਾਂ ਪ੍ਰਤੱਖ ਹੀ ਬਿਆਨ ਕੀਤੇ ਜਾ ਸਕਦੇ ਹਨ। ਜਿਹੜੇ ਲੋਕਾਂ ਦੇ ਮਨ ਵਿਚ ਉਹਨਾਂ ਲਈ ਅਥਾਹ ਸ਼ਰਧਾ ਪਿਆਰ ਅਤੇ ਸਤਿਕਾਰ ਪੈਦਾ ਕਰਦੇ ਹਨ :-

**ਪ੍ਰਭੂ ਆਸ਼ਕ**

ਗੁਰੂ ਗੋਬਿੰਦ ਸਿੰਘ ਜੀ ਸਭ ਤੋਂ ਪਹਿਲਾਂ ਪ੍ਰਭੂ ਦੇ ਆਸ਼ਕ ਸਨ, ਪ੍ਰਭੂ ਦੇ ਭਗਤ ਸਨ। ਗੁਰੂ ਗੋਬਿੰਦ ਸਿੰਘ ਜੀ "ਤੂੰਹੀ ਤੂੰਹੀ" ਜਾ "ਹਰੀ ਹਰੀ" ਉਚਾਰਦੇ ਪ੍ਰਭੂ ਨਾਲ ਇਕ ਮਿਕ ਹੋ ਜਾਂਦੇ ਸਨ। ਅਕਾਲ ਉਸਤਤਿ ਦੇ ਹੇਠ ਲਿਖੇ ਕਾਵਿ ਪੱਦ ਦਸ਼ਮੇਸ਼ ਜੀ ਦੀ ਪ੍ਰਭੂ ਭਗਤੀ ਦਾ ਨਮੂਨਾ ਹਨ

ਜਲੇ ਹਰੀ॥ ਥਲੇ ਹਰੀ॥ ਉਰੇ ਹਰੀ॥ ਬਨੇ ਹਰੀ॥
ਗਿਰੇ ਹਰੀ॥ ਗੁਫੇ ਹਰੀ॥ ਛਿਤੇ ਹਰੀ॥ ਨਭੇ ਹਰੀ॥

ਆਪ ਜੀ ਦੀਆਂ ਪ੍ਰਮਾਣਿਤ ਬਾਣੀਆ, ਜਾਪੁ ਸਾਹਿਬ, ਅਕਾਲ ਉਸਤਤਿ, ਸਵੈਯੇ, ਜ਼ਫ਼ਰਨਾਮਾ ਆਦਿ, ਆਪਦੇ ਪਹਿਲੇ



www.AKJ.Org

ਸਤਿਗੁਰਾਂ ਦੀ ਤਰ੍ਹਾਂ ਪ੍ਰਭੂ ਆਸ਼ਕ ਹੋਣ ਦੀਆਂ ਜਿਉਂਦੀਆਂ ਉਦਾਹਰਣਾ ਹਨ। ਜਾਪੁ ਸਾਹਿਬ ਦੀ ਸੰਪੂਰਨ ਬਾਣੀ ਅਕਾਲ ਪੁਰਖ ਦੀ ਉਸਤਤ ਹੀ ਤਾਂ ਹੈ। ਜਾਪੁ ਸਾਹਿਬ ਇਕ ਅਜਿਹਾ ਸਮੁੰਦਰ ਹੈ ਜਿਸ ਵਿਚ ਡੁਬਕੀ ਲਾ ਕੇ ਮਨੁੱਖ ਪ੍ਰਭੂ ਨਾਲ ਇਕਸੁਰ ਹੋ ਜਾਂਦਾ ਹੈ।

**ਨਿਪੁੰਨ ਯੋਧਾ**

ਛੇਵੇਂ ਪਾਤਸ਼ਾਹ ਦੇ ਸਮੇਂ ਤੋਂ ਸਿਖ ਸ਼ਸਤਰ ਸਜਾਉਣ ਲੱਗ ਪਏ ਸਨ। ਉਦੋਂ ਤੋਂ ਦਰਬਾਰ ਵਿਚ ਸ਼ਸਤਰਧਾਰੀ ਸਿੰਘ ਦੇ ਜੱਥੇ ਆਮ ਦੇਖੇ ਜਾਣ ਲੱਗੇ। ਇਸ ਗੱਲ ਦੀ ਗਵਾਹੀ ਇਤਿਹਾਸ ਭਰਦਾ ਹੈ ਕਿ ਸਤਵੇਂ ਤੇ ਨਾਵੇਂ ਪਾਤਸ਼ਾਹ ਆਪਣੇ ਨਾਲ ਭਾਰੀ ਗਿਣਤੀ ਵਿਚ ਹਥਿਆਰਬੰਦ ਸੇਵਕ ਰੱਖਿਆ ਕਰਦੇ ਸਨ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪੁੱਤਰ ਗੋਬਿੰਦ ਰਾਏ ਨੂੰ ਧਾਰਮਿਕ ਵਿਦਿਆ ਦੇ ਨਾਲ ਸ਼ਸਤਰ ਵਿਦਿਆ ਵੀ ਦੁਆਵੀ ਸੀ। ਦਸ਼ਮ ਪਿਤਾ ਹਥਿਆਰ ਚਲਾਉਣ ਵਿਚ ਮੁਹਾਰਤ ਰੱਖਦੇ ਸਨ। ਤੀਰ, ਤਲਵਾਰ, ਅਤੇ ਬੰਦੂਕ ਉਹਨਾਂ ਦੇ ਮਨ ਭਾਉਂਦੇ ਹਥਿਆਰ ਸਨ। ਆਪ ਤਲਵਾਰ ਦੇ ਧਨੀ ਸਨ, ਤੀਰ ਅੰਦਾਜ਼ੀ ਵਿਚ ਆਪ ਦਾ ਕੋਈ ਸਾਨੀ ਨਹੀਂ ਸੀ।

**ਮਹਾਨ ਜਰਨੈਲ**

ਜਿਥੇ ਦਸਮ ਪਾਤਸ਼ਾਹ ਨਿਪੁੰਨ ਯੋਧਾ ਸਨ ਉਥੇ ਇਕ ਜਹਾਨ ਜਰਨੈਲ ਵੀ ਸਨ। ਸ਼ਾਇਦ ਹੀ ਕੋਈ ਅਜਿਹਾ ਜਰਨੈਲ ਹੋਵੇ ਜਿਸ ਨੂੰ ਇੰਨੀਆਂ ਔਕੜਾਂ ਦਾ ਮੁਕਾਬਲਾ ਕਰਨਾ ਪਿਆ ਹੋਵੇ। ਅੰਨਦਪੁਰ ਦੀ ਲੜਾਈ ਸਮੇਂ ਆਪ ਨੇ ਅੱਠ ਮਹੀਨੇ ਔਰੰਗਜ਼ੇਬ ਅਤੇ ਪਹਾੜੀ ਫੌਜ ਦਾ ਟਾਕਰਾ ਕੀਤਾ। ਰਸਦ ਪਾਣੀ ਦੀ ਅਣਹੋਂਦ ਦੇ ਬਾਵਜੂਦ ਭੁਖੇ ਭਾਣੇ ਸਿੰਘਾ ਦੇ ਹੋਸਲੇ ਬੁਲੰਦ ਰੱਖੇ, ਇਹ ਗੁਰੂ ਮਹਾਰਾਜ ਵਰਗਾ ਜਰਨੈਲ ਹੀ ਕਰ ਸਕਦਾ ਹੈ। ਚਮਕੌਰ ਦੀ ਜੰਗ ਸਮੇਂ ਥੱਕੇ ਹਾਰੇ ਸਿੰਘਾ ਨੂੰ ਲੱਖਾਂ ਦੀ ਫੌਜ ਨਾਲ ਲੜਾਉਣ ਦਾ ਕੰਮ ਵੀ ਆਪ ਵਰਗਾ ਮਹਾਨ ਜਰਨੈਲ ਹੀ ਕਰ ਸਕਦਾ ਹੈ।

**ਆਪੇ ਗੁਰੁ ਚੇਲਾ**

ਸੰਸਾਰ ਦਾ ਧਰਮ ਇਤਿਹਾਸ ਪੜ ਕੇ ਵੇਖੋ ਹਮੇਸ਼ਾ ਗੁਰੂ 'ਗੁਰੂ' ਤੇ ਚੇਲਾ 'ਚੇਲਾ' ਹੀ ਰਿਹਾ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਇਕ ਵਿਲੱਖਣ ਗੱਲ ਕਰ ਦਿੱਤੀ ਆਪਣੇ ਚੇਲੇ ਭਾਈ ਲਹਿਣਾ ਨੂੰ ਗੁਰੂ ਅੰਗਦ ਸਾਹਿਬ ਬਣਾ ਦਿੱਤਾ। ਜਿਥੇ ਹੋਰਨਾ ਸੰਗਤਾਂ ਗੁਰੂ ਅੰਗਦ ਦੇਵ ਜੀ ਨੂੰ ਸ਼ਰਧਾ ਸਹਿਤ ਮੱਥਾ ਟੇਕਣ ਲਈ ਆਈਆਂ, ਉਥੇ ਆਪ ਵੀ ਉਨ੍ਹਾਂ ਅੱਗੇ ਮੱਥਾ ਟੇਕਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ। ਜਿਨ੍ਹਾਂ ਪੰਜ ਪਿਆਰਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਅੰਮ੍ਰਿਤ ਛਕਾਇਆ ਸੀ ਉਹਨਾਂ ਅੱਗੇ ਝੋਲੀ ਅੱਡ ਕੇ ਅੰਮ੍ਰਿਤ ਦੀ ਦਾਤ ਦੀ ਯਾਚਨਾ ਕਰਲ ਲੱਗ ਪਏ ਅਤੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣ ਗਏ। ਇਹ ਹੈ ਆਪੇ ਗੁਰੁ ਚੇਲਾ।

**ਕਵੀ ਅਤੇ ਕਵੀਆਂ ਦੇ ਕਦਰਦਾਨ**

ਜਿਥੇ ਆਪ ਮਹਾਨ ਕਵੀ ਸਨ ਉਥੇ ਕਵੀਆਂ ਦੇ ਕਦਰਦਾਲ ਵੀ ਸਨ ਆਪ ਦੇ ਦਰਬਾਰ ਵਿਚ ੫੨ ਕਵੀ ਸਨ। ਆਪ ਸਮੇਂ ਸਿਰ ਯੋਗ ਕਵੀਆਂ ਨੂੰ ਸਨਮਾਤ ਕਰਦੇ ਸਨ। ਭਾਈ ਨੰਦ ਲਾਲ ਜੀ, ਕਵੀ ਸੈਨਾਪਤੀ ਆਪ ਦੇ ਦਰਬਾਰ ਦੇ ਮਸ਼ਹੂਰ ਕਵੀ ਸਨ। ਆਲਮ, ਹੁਸੈਨ ਅਲੀ, ਜਮਾਲ ਤਿੰਨ ਮੁਸਲਮਾਨ ਕਵੀ ਸਨ।

**ਬੋਲੀਆਂ ਦੇ ਮਾਹਿਰ**

ਗੁਰੂ ਗੋਬਿੰਦ ਸਿੰਘ ਜੀ ਅਰਬੀ, ਫ਼ਾਰਸੀ, ਸੰਸਕ੍ਰਿਤ, ਬ੍ਰਿਜਭਾਸ਼ਾ, ਪੰਜਾਬੀ ਆਦਿ ਬੋਲੀਆਂ ਦੇ ਮਾਹਰ ਸਨ। ਆਪ ਨੇ ਇਹਨਾਂ ਬੋਲੀਆਂ ਵਿਚ ਕਈ ਗ੍ਰੰਥ ਤੇ ਪੁਸਤਕਾਂ ਲਿਖੀਆਂ।

ਇਹ ਸਭ ਪ੍ਰਮਾਣਿਤ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਵਾਕਿਆ ਹੀ ਸਾਹਿਬੇ ਕਮਾਲ ਸਨ।



www.AKJ.Org

# ਸਾਹਾ

ਨਿਹਾਲ ਕੌਰ ਨੂੰ ਹੁਣ ਅੰਮ੍ਰਿਤ ਛਕ ਲੈਣ ਕਰਕੇ ਪਤਾ ਲਗ ਗਿਆ ਸੀ ਕਿ ਸਾਰੇ ਦਿਨ ਚੰਗੇ ਹੁੰਦੇ ਹਨ ਯਾਨੀ ਕਿਸੇ ਵੀ ਮਾੜੇ ਚੰਗੇ ਦਿਨ ਦੀ ਵਿਚਾਰ ਨਹੀਂ ਕਰਨੀ ਚਾਹੀਦੀ। ਉਸ ਨੇ ਨਿਝੱਕ ਹੋ ਕੇ ਕਹਿ ਦਿੱਤਾ ਕਿ ਉਹ ਆਪਣੇ ਪੁੱਤਰ ਦੇ ਵਿਆਹ ਦਾ ਕੋਈ ਸਾਹਾ ਨਹੀਂ ਕਢਵਾਏਗੀ ਅਤੇ ਉਹ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਅਰਦਾਸ ਕਰੇਗੀ ਜਿਸ ਨਾਲ ਸਤਿਗੁਰੂ ਕਿਰਪਾ ਕਰਕੇ ਉਸ ਦਾ ਕਾਰਜ ਨਿਰਵਿਘਨ ਸੰਪੂਰਨ ਕਰ ਦੇਣਗੇ।

ਨਿਹਾਲ ਕੌਰ ਦੀ ਗੁਆਂਢਣ ਬੰਤੋ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਕਿਹਾ, "ਨਾ ਨੀ ਭੈਣੇ! ਪੁੱਤ ਦੇ ਵਿਆਹ ਦਾ ਸਾਹਾ ਜ਼ਰੂਰ ਕਢਾਈਂ। ਇਨ੍ਹਾਂ ਬ੍ਰਾਹਮਣ ਲੋਕਾ ਨੂੰ ਮਾੜੇ-ਚੰਗੇ ਦਿਨਾਂ ਦਾ ਸਾਰਾ ਪਤਾ ਹੁੰਦੈ। ਨਾਲੇ ਬੰਦਾ ਘੜੀ ਦਾ ਘੁੱਸਿਆ ਸੌ ਕੋਹ ਤੇ ਜਾਂਦਾ। ਨੀ ਨਿਹਾਲ ਕੁਰੇ! ਪੁਰਾਣੇ ਲੋਕਾਂ ਨੇ ਵਿਚਾਰਾਂ ਐਵੇਂ ਤਾਂ ਨਹੀਂ ਬਣਾ ਛੱਡੀਆਂ। ਮੇਰੀ ਮੰਨ ਤੇ ਚੱਲ ਉਠ! ਆਪਾ ਪੰਡਤ ਜੀ ਕੋਲੋਂ ਸਾਹਾ ਕਢਵਾ ਲਿਆਈਏ।"

ਬੰਤੋ, ਨਿਹਾਲ ਕੌਰ ਨੂੰ ਬਾਹੋਂ ਫੜ ਕੇ ਨਾਲ ਲੈ ਤੁਰੀ। ਨਿਹਾਲ ਕੌਰ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਉਹਦੇ ਨਾਲ ਤੁਰਨਾ ਪਿਆ।

ਅੱਗੇ ਪੰਡਿਤ ਦਾ ਉਦਾਸ ਜਿਹਾ ਚਿਹਰਾ ਦੇਖ ਕੇ ਉਨ੍ਹਾਂ ਪੁੱਛਿਆ, "ਪੰਡਤ ਜੀ! ਕੀ ਗੱਲ ਹੋ ਗਈ? ਬੜੇ ਉਦਾਸ ਜੇ!" ਪੰਡਤ ਢਿੱਲੇ ਜਿਹੇ ਮੂੰਹ ਨਾਲ ਬੋਲਿਆ, 'ਬੀਬੀ ਜੀ! ਕੀ ਦੱਸਾਂ? ਕੱਲ੍ਹ ਮੇਰੇ ਪੁੱਤਰ ਦੀ ਸ਼ਾਦੀ ਸੀ, ਪਰਸੋਂ ਉਨ੍ਹੇ ਸਕੂਟਰ ਤੋਂ ਡਿੱਗ ਕੇ ਲੱਤ ਤੁੜਾ ਲਈ ਜਿਸ ਕਰਕੇ ਸ਼ਾਦੀ ਨਹੀਂ ਹੋ ਸਕੀ। ਇਸੇ ਕਰਕੇ ਮੈ ਬਹੁਤ ਦੁਖੀ ਹਾਂ।" ਕੁਝ ਚਿਰ ਰੁਕ ਕੇ ਪੰਡਤ ਬੋਲਿਆ, "ਅੱਛਾ! ਤੁਸੀਂ ਕਿਵੇਂ ਆਏ?" ਨਿਹਾਲ ਕੌਰ ਨੇ ਜੁਆਬ ਦਿੱਤਾ, "ਪੰਡਤ ਜੀ! ਆਈਆਂ ਤਾਂ ਅਸੀਂ ਵਿਆਹ ਦਾ ਸਾਹਾ ਕਢਾਉਣ ਸਾਂ, ਪਰ ਤੁਸੀਂ ਪਹਿਲਾਂ ਇਹ ਦੱਸੋ ਕਿ ਤੁਹਾਡੇ ਪੁੱਤਰ ਦੇ ਵਿਆਹ ਦਾ ਸਾਹਾ ਕਿਉਂ ਮਾੜਾ ਨਿਕਲ ਆਇਆ?"

ਪੰਡਤ ਹਕਲਾਉਂਦਾ ਹੋਇਆ ਬੋਲਿਆ, "ਨਹੀਂ, ਨਹੀਂ! ਬੀਬੀ ਜੀ, ਸਾਹਾ ਤਾਂ ਮਾੜਾ ਨਹੀਂ ਸੀ ਕੱਢਿਆ, ਪਰ ਹੁੰਦਾ ਤਾਂ ਉਹੋ ਹੀ ਹੈ, ਜੋ ਕਰਤਾਰ ਨੂੰ ਭਾਵੇ!"

ਹੁਣ ਨਿਹਾਲ ਕੌਰ, ਬੰਤੋ ਵੱਲ ਘੂਰ-ਘੂਰ ਵੇਖ ਰਹੀ ਸੀ।

**ਸ੍ਰ ਹਰਦੀਪ ਸਿੰਘ ਅਟਾਰੀ**
ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ
ਤਲਵੰਡੀ ਸਾਬੋ (ਬਠਿੰਡਾ)

## ਚਾਰ ਕੁਰਹਿਤਾਂ

ਪਰ ਇਸਤ੍ਰੀ/ਪੁਰਸ਼ ਸੰਗ
ਤੰਬਾਕੂ ਨੋਸ਼ੀ
ਕੇਸਾਂ ਦੀ ਬੇਅਦਬੀ
ਕੁੱਠਾ ਖਾਣਾ



www.AKJ.Org



# ਗੁਰਦੁਆਰਾ ਫਤਿਹਗੜ੍ਹ ਸਾਹਿਬ

ਜਿਥੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੀਹਾਂ
ਵਿੱਚ ਚਿਣ ਸ਼ਹੀਦ ਕੀਤੇ ਗਏ ਸਰਹੰਦ (ਪਟਿਆਲਾ)

www.AKJ.Org

R.N.I. No. 12245/66 SURA-January 2002 P.O. Regd. No. PB/0226/2002

ਮਾਸਿਕ ਪੱਤਰ

# ਸੂਰਾ

## Sura Monthly

January-2002



ਗੁਰਦੁਆਰਾ ਹਾਂਡੀ ਸਾਹਿਬ, ਪਟਨਾ ਸਾਹਿਬ

www.AKJ.Org